The Punjabi Newspaper
ਪੰਜਾਬੀਅਤ ਦਾ ਪਰਚਮ
# ਪੰਜਾਬੀ ਅਖ਼ਬਾਰ
Punjabi Akhbaar
ਮੁੱਖ ਸੰਪਾਦਕ: ਹਰਬੰਸ ਬੁੱਟਰ 403 640 2000
Edmonton : 780 599 2000 I Regina/Saskatoon : 639 999 1000 : Winnipeg 431 733 3000
Chief Editor : Harbans Buttar
Vol: 8 No: 180 Website : www.punjabiakhbaar.ca Email: editor@punjabiakhbaar.ca Friday, 17 September 2021

SARDAR SUPER MARKET
ਸਰਦਾਰ ਸੁਪਰ ਮਾਰਕੀਟ
ਸਸਤੀ ਅਤੇ ਸਿਹਤਮੰਦ
ਵਰਾਇਟੀ ਵਾਲਾ ਗਰੌਸਰੀ ਸਟੋਰ
204 416 0999
E1-55 Waterford Green Commons, Winnipeg (MB) R2R 0Z9

ਵਿਨੀਪੈਗ ਦੇ ਕਿਸੇ ਵੀ ਏਰੀਆ ਵਿੱਚ ਨਵਾਂ ਜਾਂ ਪੁਰਾਣਾ ਘਰ ਖਰੀਦਣ ਜਾਂ ਵੇਚਣ ਲਈ ਕਾਲ ਕਰੋ
AMRITPAL DHILLON
BROKER: MAXIMUM REALTY
MAXIMUM REALTY
Call: 204-979-7200
Office: 204-777-9999
Email: amritrealtorwinnipeg@gmail.com

# ਕੈਨੇਡਾ ਨੇ ਅਫਗਾਨਿਸਤਾਨ ਵਿੱਚੋਂ 4000 ਦੇ ਕਰੀਬ ਲੋਕਾਂ ਨੂੰ ਸੁਰੱਖਿਅਤ ਬਾਹਰ ਕੱਢਿਆ : ਸੱਜਣ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਰੱਖਿਆ ਮੰਤਰੀ ਹਰਜੀਤ ਸਿੰਘ ਸੱਜਣ ਨੇ ਆਖਿਆ ਹੈ ਕਿ ਕਨੇਡਾ ਨੇ ਅਫ਼ਗਾਨਿਸਤਾਨ ਵਿੱਚ ਫਸੇ ਆਪਣੇ ਨਾਗਰਿਕਾਂ ਨੂੰ ਕੱਢਣ ਲਈ ਤੇਜ਼ੀ ਨਾਲ ਕੰਮ ਕੀਤਾ । ਕੈਲਗਰੀ ਸਕਾਈਵਿਊ ਤੋਂ ਲਿਬਰਲ ਉਮੀਦਵਾਰ ਜੌਰਜ ਚਾਹਲ ਦੇ ਹੱਕ ਵਿਚ ਚੋਣ ਪ੍ਰਚਾਰ ਕਰਨ ਲਈ ਪੁੱਜੇ ਕਨੇਡਾ ਦੇ ਰੱਖਿਆ ਮੰਤਰੀ ਸ: ਹਰਜੀਤ ਸਿੰਘ ਸੱਜਣ ਨੇ ਪੰਜਾਬੀ ਅਖ਼ਬਾਰ ਨਾਲ ਗੱਲਬਾਤ ਕਰਦਿਆਂ ਆਖਿਆ ਕਿ ਬਾਵਜੂਦ ਇਸ ਦੇ ਕਿ ਕਨੇਡਾ ਦੀ ਕੋਈ ਵੀ ਫ਼ੌਜੀ ਟੁਕੜੀ ਅਫ਼ਗਾਨਿਸਤਾਨ ਵਿੱਚ ਮੌਜੂਦ ਨਹੀਂ ਸੀ ਪਰ ਅਸੀਂ ਕਾਹਲੀ ਨਾਲ ਅਮਰੀਕਾ ਅਤੇ ਬਰਤਾਨੀਆ ਨਾਲ ਮਿਲ ਕੇ ਏਅਰਬ੍ਰਿਜ ਸਥਾਪਤ ਕੀਤਾ ਅਤੇ ਲਗਪਗ 4000 ਦੇ ਕਰੀਬ ਲੋਕਾਂ ਨੂੰ ਉੱਥੋਂ ਸੁਰੱਖਿਅਤ ਬਾਹਰ ਕੱਢਿਆ । ਇਹ ਪੁੱਛੇ ਜਾਣ ਤੇ ਕਿ ਕਨੇਡਾ ਦੁਆਰਾ 12 ਸਾਲ ਤੱਕ ਅਤੇ ਅਮਰੀਕਾ ਦੁਆਰਾ 20 ਸਾਲ ਤੱਕ ਲੜੀ ਲੜਾਈ ਦੇ ਨਤੀਜੇ ਕੀ ਨਿਕਲੇ ਤਾਂ ਸੱਜਣ ਨੇ ਆਖਿਆ ਕਿ ਕੋਈ ਦੇਸ਼ ਦੂਜੇ ਦੇਸ਼ ਦੀ ਕਿਸਮਤ ਤਾਂ ਨਹੀਂ ਲਿਖ ਸਕਦਾ ਪਰ ਜਦੋਂ ਉਹ ਬਤੌਰ ਫ਼ੌਜੀ ਅਫ਼ਗਾਨਿਸਤਾਨ ਵਿੱਚ ਮੌਜੂਦ ਸਨ ਤਾਂ ਉੱਥੇ ਆਮ ਲੋਕਾਂ ਦੀ ਭਲਾਈ ਲਈ ਕਈ ਤਰ੍ਹਾਂ ਦੇ ਯਤਨ ਕੀਤੇ ਗਏ। ਜਿਸ ਤਹਿਤ ਕਈ ਸਕੂਲ ਵੀ ਖੋਲ੍ਹੇ ਗਏ ।ਕਿਫਾਇਤੀ ਘਰਾਂ ਦੀ ਅਣਹੋਂਦ ਅਤੇ ਪਹਿਲੀ ਵਾਰ ਘਰ ਖ਼ਰੀਦਣ ਵਾਲਿਆਂ ਨੂੰ ਪੇਸ਼ ਆ ਰਹੀਆਂ ਮੁਸ਼ਕਲਾਂ ਦੇ ਸਬੰਧ ਵਿੱਚ ਪੁੱਛੇ ਗਏ ਸਵਾਲ ਦੇ ਜਵਾਬ ਵਿੱਚ ਸੱਜਣ ਨੇ ਆਖਿਆ ਕਿ ਉਨ੍ਹਾਂ ਦੀ ਸਰਕਾਰ ਆਉਣ ਤੇ ਪਹਿਲੀ ਵਾਰ ਘਰ ਖਰੀਦਣ ਵਾਲਿਆਂ ਦੀ ਮੌਰਗੇਜ ਲੈਣ ਵਿੱਚ ਮੱਦਦ ਕੀਤੀ ਜਾਵੇਗੀ । ਜੌਰਜ ਚਾਹਲ ਬਾਰੇ ਗੱਲ ਕਰਦਿਆਂ ਹਰਜੀਤ ਸਿੰਘ ਸੱਜਣ ਨੇ ਆਖਿਆ ਕਿ ਜਸਟਿਨ ਟਰੂਡੋ ਚਾਹੁੰਦੇ ਹਨ ਕਿ ਅਜਿਹੇ ਲੀਡਰ ਅੱਗੇ ਆਉਣ ਜੋ ਸਹੀ ਮਾਅਨੇ ਵਿੱਚ ਆਪਣੇ ਹਲਕੇ ਦੀ ਤਰਜਮਾਨੀ ਕਰ ਸਕਣ । ਇਸ ਲਈ ਜੌਰਜ ਚਾਹਲ ਨੇ ਬਤੌਰ ਕੌਂਸਲਰ ਜਿੰਨੇ ਕੰਮ ਕੀਤੇ ਹਨ ਉਸ ਵਿੱਚੋਂ ਉਨ੍ਹਾਂ ਦੀ ਲੀਡਰਸ਼ਿਪ ਕੁਆਲਿਟੀ ਸਾਫ਼ ਨਜ਼ਰ ਆਉਂਦੀ ਹੈ ਅਤੇ ਉਨ੍ਹਾਂ ਚਾਹਲ ਦੇ ਪਿਛੋਕੜ ਨੂੰ ਦੇਖਦਿਆਂ ਹੋਇਆਂ ਲੋਕਾਂ ਨੂੰ ਉਨ੍ਹਾਂ ਦੇ ਹੱਕ ਵਿਚ ਵੋਟ ਪਾਉਣ ਦੀ ਅਪੀਲ ਕੀਤੀ ।



ਕਨੇਡਾ ਦੇ ਰੱਖਿਆ ਮੰਤਰੀ ਸ: ਹਰਜੀਤ ਸਿੰਘ ਸੱਜਣ ਪੰਜਾਬੀ ਅਖ਼ਬਾਰ ਦੇ ਦਫਤਰ ਵਿੱਚ ਅਖ਼ਬਾਰ ਦੇ ਸੰਪਾਦਕ ਹਰਬੰਸ ਬੁੱਟਰ ਨਾਲ ਗੱਲਬਾਤ ਕਰਦੇ ਹੋਏ

# ਮੇਰੇ ਬਿਆਨ ਨੂੰ ਸਿਆਸੀ ਰੰਗਤ ਦੇਣਾ ਮੰਦਭਾਗਾ: ਕੈਪਟਨ

## ਖੇਤੀ ਕਾਨੂੰਨਾਂ ਖ਼ਿਲਾਫ਼ ਜਾਰੀ ਸੰਘਰਸ਼ ਲਈ ਸਮਰਥਨ ਦੁਹਰਾਇਆ



ਚੰਡੀਗੜ੍ਹ– ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਹੈ ਕਿ ਖੇਤੀ ਕਾਨੂੰਨਾਂ ਖ਼ਿਲਾਫ਼ ਸੰਘਰਸ਼ ਕਰ ਰਹੀਆਂ ਕਿਸਾਨ ਜਥੇਬੰਦੀਆਂ ਨੇ ਉਨ੍ਹਾਂ ਦੇ ਉਸ ਬਿਆਨ ਨੂੰ ਸਿਆਸੀ ਰੰਗਤ ਦੇ ਦਿੱਤੀ ਹੈ ਜਿਸ ਵਿੱਚ ਉਨ੍ਹਾਂ ਕਿਹਾ ਹੈ ਕਿ ਪੰਜਾਬ ਦੇ ਕਿਸਾਨ ਭਾਜਪਾ ਖ਼ਿਲਾਫ਼ ਸੂਬੇ ਵਿੱਚ ਸੰਘਰਸ਼ ਕਰਨ ਦੀ ਥਾਂ ਦਿੱਲੀ ਦੀਆਂ ਬਰੂਹਾਂ ’ਤੇ ਜਾਰੀ ਰੋਸ ਪ੍ਰਦਰਸ਼ਨਾਂ ਵਿੱਚ ਹੀ ਹਿੱਸਾ ਲੈਣ। ਕੈਪਟਨ ਨੇ ਕਿਹਾ ਕਿ ਸੰਯੁਕਤ ਕਿਸਾਨ ਮੋਰਚੇ ਨੇ ਉਨ੍ਹਾਂ ਦੇ ਇਸ ਬਿਆਨ ਨੂੰ ਸੂਬੇ ਵਿੱਚ ਹੋਣ ਵਾਲੀਆਂ ਅਗਲੀਆਂ ਵਿਧਾਨ ਸਭਾ ਚੋਣਾਂ ਨਾਲ ਜੋੜ ਦਿੱਤਾ ਹੈ ਜੋ ਕਿ ਮੰਦਭਾਗਾ ਹੈ। ਉਨ੍ਹਾਂ ਕਿਹਾ ਕਿ ਕਿਸਾਨਾਂ ਨੂੰ ਇਨ੍ਹਾਂ ਰੋਸ ਪ੍ਰਦਰਸ਼ਨਾਂ ਕਾਰਨ ਸੂਬਾ ਵਾਸੀਆਂ ਨੂੰ ਹੋਣ ਵਾਲੀਆਂ ਦਿੱਕਤਾਂ ਨੂੰ ਸਮਝਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਕਿਸਾਨਾਂ ਦੇ ਸੰਘਰਸ਼ ਦਾ ਸਮਰਥਨ ਕਰਦੀ ਹੈ ਪਰ ਕਿਸਾਨਾਂ ਨੇ ਉਨ੍ਹਾਂ ਦੀ ਅਪੀਲ ਦਾ ਗਲਤ ਮਤਲਬ ਕੱਢਿਆ ਹੈ। ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਤੇ ਹਰਿਆਣਾ ਦੇ ਕਿਸਾਨਾਂ ਵਿੱਚ ਵੱਖਰੇਵੇਂ ਪਾਉਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ ਕਿਉਂਕਿ ਦੋਹਾਂ ਸੂਬਿਆਂ ਦੇ ਕਿਸਾਨ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਦੇ ਸਤਾਏ ਹੋਏ ਹਨ।

ਆਪਣੇ ਫੋਨ ਵਿੱਚ ਪੰਜਾਬੀ ਅਖਬਾਰ ਦੀ ਐਪ ਆਹ ਲਿੰਕ ਕਲਿੱਕ ਕਰਕੇ ਫਰੀ ਡਾਊਨਲੋਡ ਕਰੋ

**Android app**
https://play.google.com/store/apps/details?id=com.mehramedia.punjabiakhbaar

ਐਪਲ ਦੇ ਫੋਨ ਲਈ ਇਹ ਲਿੰਕ ਕਲਿੱਕ ਕਰਿਓ

**iPhone App**
https://apps.apple.com/in/app/punjabi-akhbaar/id1559030797

PunjabiAkhbaar.ca

Barinder Ubhi
Realtor
C (204)807-5013
E babbu_ubhi@yahoo.com
MAXPRO REAL ESTATE
1739 Pembina Hwy.
Winnipeg, MB, R3T 2G6
P:(204) 218-2222
F:(204) 261-1488
www.maxprorealestate.ca

ਵਿਨੀਪੈਗ ਅਤੇ ਆਸ ਪਾਸ ਦੇ ਏਰੀਆ ਵਿੱਚ ਡਰਾਈਵਿੰਗ ਸਿਖਾਉਂਦੇ ਹਾਂ
PRIME DRIVING SCHOOL
ਕਲਾਸ 5 ਲਾਇਸੈਂਸ ਲੈਣ ਲਈ ਪਰਮਿੰਦਰ ਸਿੰਘ ਨੂੰ ਸੰਪਰਕ ਕਰੋ
Class 5 Training • Knowledge Test Preparation
PARMINDER SINGH
Class 5 Driving Instructor
ਪੰਜਾਬੀ ਵਿੱਚ ਟਰੇਨਿੰਗ ਤੁਹਾਨੂੰ ਜਲਦੀ ਡਰਾਈਵਰ ਬਣਾ ਦਿੰਦੀ ਹੈ
(204)930-3030
primedrivingschool@hotmail.com
Training available in Winnipeg & Surrounding areas

PARDEEP REHSI
REALTOR
ਘਰ ਵੇਚਣ ਅਤੇ ਖਰੀਦਣ ਵਾਲਿਆਂ ਲਈ ਸਪੈਸ਼ਲ ਪੈਕੇਜ ਮੁਫਤ !
ਆਪਣੇ ਘਰ ਦੀ ਕੀਮਤ ਬਾਰੇ ਜਾਣਕਾਰੀ ਲਈ ਕਾਲ ਕਰੋ
ROYAL CAVES
PROPERTY MANAGEMENT & REAL ESTATE SERVICES
Thinking of Buying, Selling or Investing? Call Today?
431 777 8590
E-mail: prehsi@yahoo.com
11, St. Anne's Road
Winnipeg MB R2M 2Y1

Sukhbaz Deol
Financial Advisor
(204)998-7511
SAHARA INSURANCE GROUP
Visitor / Travel Insurance / Life Insurance
Super Visa Insurance / RRSP / RESP / Investments

ਸਟਾਈਲ ਇੰਡੀਆ
ਬਾਲੀਵੁੱਡ ਕਲੈਕਸ਼ਨ ਵਿੰਨੀਪੈਗ
STYLE India
BOLLYWOOD COLLECTION
• Latest Boutique suits
• Heavy Phulkari
• Frock suits
• Shimmer and Shunil suits
• Super soft blankets
ਇੰਡੀਆ ਨੂੰ ਪੈਸੇ ਭੇਜਣ ਲਈ ਵਧੀਆ ਰੇਟ
MoneyGram money transfer
ਪਾਸਪੋਰਟ ਸਾਈਜ਼ ਫੋਟੋ ਸਿਰਫ 10 ਡਾਲਰ
ਨਵੇਂ ਨਵੇਂ ਬੁਟੀਕ ਦੇ ਸੂਟ, ਭਾਰੀ ਫੁਲਕਾਰੀਆਂ, ਫਰਾਕ ਸੂਟ, ਸ਼ਿਮਰ ਐਂਡ ਸ਼ੁਨੀਲ ਸੂਟ, ਸੁਪਰ ਸੌਫਟ ਕੰਬਲ
102 Mandalay Dr. Winnipeg
(204) 632-9999

Yadwinder Deol
Realtor
MAXIMUM REALTY
ਘਰ ਵੇਚਣ ਜਾਂ ਖਰੀਦਣ ਲਈ ਸੰਪਰਕ ਕਰੋ !
Call TODAY to buy or sell your house
(204)803-2811

iccrc crcic
Raman D. Sood
Regulated Immigration Consultant (RCIC)
Commissioner of Oaths, Manitoba
Rainbow Immigration Ltd.
Fulfilling Dreams!
Ph: 204-202-7900
1403 Jefferson Ave., Winnipeg. MB, Canada R2P 0R6
Web: www.rainbowimmigration.ca
Email: rainbowimmigrationwinnipeg@gmail.com

IATA
ONKAR TRAVELS
Call:- 204-202-7900 for BEST WHOLESALE AIRFARES
Sood Brothers Travels & Tours
ਇੰਡੀਆ ਜਾਣ ਲਈ ਸਸਤੀਆਂ ਟਿਕਟਾਂ
1403 Jefferson Ave. Winnipeg, MB Canada
Ph: 204-202-7900, www.onkartravels.com
email: ywg@onkartravels.com

Need a Mortgage?......
MORTGAGE ARCHITECTS
Thinking of buying a Real Estate? Call today to discuss your mortgage options. We guarantee the lowest rates.
ਘਰ ਲੈਣ ਬਾਰੇ ਸੋਚਦੇ ਹੋ? ਘੱਟ ਰੇਟ ਤੇ ਮੋਰਗੇਜ ਲੈਣ ਲਈ ਅੱਜ ਹੀ ਕਮਲਜੀਤ ਸੰਧੂ ਨੂੰ ਫੋਨ ਕਰੋ।
SUPER VISA INSURANCE
SAHARA INSURANCE GROUP
Giving you the protection you need.
We offer best solution for you.
Super Visa Insurance
Critical Illness Insurance
Disability Insurance
Dental & Health Insurance
Mortgage Insurance
Life Insurance
Visitor Insurance
KAMALJEET SANDHU
Mortgage and Insurance Expert
Cell: 1(204) 751-0124
360 Keewatin St., Unit # 5, Winnipeg, MB

Amrit Singh Kang
Mortgage Expert
Call Me For All Your Mortgage Needs
ਮੰਨ ਗਏ ਤੁਹਾਡੀ ਘਰ ਦੀ ਪਸੰਦ ਨੂੰ
ਹੁਣ ਮਾਰਗੇਜ ਲਈ ਕਾਲ ਕਰੋ ਕੰਗ ਨੂੰ
204-218-3852
Just4kang@gmail.com

Gagan Bagri
Mortgage Advisor & Truck Loan Expert
EWL EAST TO WEST LEASING
TRUCK/TRAILER & EQUIPMENT FINANCING
C 204-688-6486
100 MANDALAY DRIVE, WINNIPEG, MB
All Kind of Mortgages Saving You Both Time & Money
THE MORTGAGE WORLD
Lowest Rates Guaranteed

SUPER VISA INSURANCE
BEST RATE
SAHARA INSURANCE GROUP
DEEP GREWAL
Cell: 204-996-2571
deepgrewal12@gmail.com
Unit F10, 1833 Inkster Blvd. Winnipeg, MB. R2X 1R3

Buta Singh Dhillon
Sales Associates
ਘਰ ਖਰੀਦਣ ਜਾਂ ਵੇਚਣ ਲਈ ਤਜ਼ਰਬੇਕਾਰ ਅਤੇ ਭਰੋਸੇਯੋਗ ਨਾਂ
we are RE/MAX
Cell:204.880.6600
Office:204.987.9800
RE/MAX executives realty
Each office independently owned & operated
butadhillon@remax.net www.remax.ca

RAJ SANDHU
REALTOR®
Excellent Service...
Guaranteed Results!
ROYAL LEPAGE Top Producers Real Estate
Call: 204.227.5758
Email: rajsandhu1@royallepage.ca
Thank you for your trust and support !

Ready to make a move?
TD Ready for you
Rajandeep Mudhar, MBA
Manager, Mobile Mortgage Specialist
C: 204-963-9481
rajandeep.mudhar@td.com

Way to Success
PERFECT ONE DRIVING SCHOOL LTD.
Class 1 & 3 Driving Training Center
PVI and MELT Approved School
NARINDER SAINI
ROBIN SANDHU
204 930 5822
204 899 5823
2040, Logan Avenue
Manitoba, R2H 0H9
Email: info@perfectonedrivingschool.com
www.perfectonedrivingschool.com
Like us on

BEST DEAL DRIVING SCHOOL
204-583-4500
Jaspreet Kaur Thind
Class 5 Instructor
Class 5 • Brush up Courses • Pickup and Drop
Special Discount for New Comers and Students

CUSHMAN & WAKEFIELD Winnipeg | Stevenson
WE ARE YOUR FULL SERVICE COMMERCIAL REAL ESTATE PARTNER
KHUSH GREWAL
Senior Associate
T 204 934 6210
khush.grewal@cwstevenson.ca
17 NIHAL BAY
(+/-) 1,100 - 4,400 SF Units For Lease

Dawat
Take Out Catering
ਖਾਣਾ ਤਿਆਰ ਹੈ ਬੱਸ ਆਕੇ ਲੈ ਜਾਓ
ਸੁਆਦਲੇ ਖਾਣਿਆਂ ਦਾ ਆਨੰਦ ਲੈਣ ਲਈ ਫੋਨ ਮਿਲਾਓ।
14 Keewatin ST
Winnipeg (MB)
204 582 6666
204 880 8770




COPPERSTONE
AT COPPERFIELD

# NEW HOME STYLES JUST ARRIVED

ਹੁਣ

## PRE-SALE INCENTIVES ON NOW



### MODERN SINGLE FAMILY HOMES

2,015 to 2,508 sq. ft.
3-4 bedrooms with bonus room
2-3 bathrooms
Legal basement suite option
**Starting from Low $500 (incl.GST)**



### EXECUTIVE SINGLE FAMILY HOMES

2,508 to 2,934 sq. ft.
3-4 bedrooms with bonus room | 2-3 bathrooms
Walk-out basement with options to add a legal basement suite.
**Starting from High $600 (incl.GST)**



### SIGNATURE COLLECTION

1,735 to 1,867 sq. ft
3 bedrooms
2 bathrooms
Legal basement suite option
**Starting from $469,900 (incl.GST)**




### TOWNHOMES (Own From $655 Bi-weekly)

1,735 to 1,867 sq. ft
2 or 3 bedrooms | 2 bathrooms + bonus room
Award winnig modern interiors, gourmet kitchens, 2 vehicle garage + added driveway parking
**Starting from $319,900 (incl. GST)**

## COPPERSTONELIVING.COM | 587.352.4266

SHOWHOMES & SALES CENTRE
1233 Copperfield Blvd SE,
Calgary, AB T2Z 5G1

Monday - Thursday: 2 - 8 PM
Sat, Sun & Holidays: 12 - 5 PM
Thrusday & Friday: by appointment

VESTA PROPERTIES

*Condo fees to be paid up to a maximum of $10,000, this offer cannot be combined with any other offer. See sales team for full details.

# ਕੈਲਗਰੀ ਵਿੱਚ ਇੰਡੋ ਕਨੇਡੀਅਨ ਵਾਲਿਆਂ ਨੇ ਮਜਦੂਰ ਦਿਵਸ ਮਨਾਇਆ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) 6 ਸਤੰਬਰ 2021 ਦੀ ਸਵੇਰ ਵਾਲੇ ਦਿਨ ਇੰਡੋ ਕਨੇਡੀਅਨ ਕਮਿਓਨਿਟੀ ਐਸੋਸੀਏਸ਼ਨ ਕੈਲਗਰੀ ਵਾਲਿਆਂ ਨੇ ਆਪਣੇ 60 ਕੁ ਮੈਂਬਰਾਂ ਦੀ ਹਾਜਰੀ ਦੌਰਨ ਆਪਣੀ ਸੰਸਥਾ ਦੇ ਹਾਲ ਅੰਦਰ ਹੀ ਮਜਦੂਰ ਦਿਵਸ ਮਨਾਇਆ। ਸਟੇਜ ਸੈਕਟਰੀ ਅਮਰੀਕ ਸਿੰਘ ਸਰੋਆ ਨੇ ਸਭ ਨੂੰ ਜੀ ਆਇਆਂ ਨੂੰ ਕਿਹਾ । ਪ੍ਰਧਾਨ ਸੇਵਾ ਸਿੰਘ ਪ੍ਰੇਮੀ ਅਤੇ ਵਾਰਡ 5 ਤੋਂ ਕੌਂਸਲਰ ਦੀ ਚੋਣ ਲੜ ਰਹੇ ਰਾਜ ਧਾਲੀਵਾਲ ਨੇ ਮਜਦੂਰ ਦਿਵਸ ਦਾ ਇਤਿਹਾਸਕ ਪਿਛੋਕੜ ਮੰਚ ਉਪਰੋਂ ਸਾਂਝਾ ਕੀਤਾ । ਜਗਦੀਸ ਕੌਰ ਸਰੋਆ ਨੇ ਪਰਿਵਾਰਕ ਸਾਂਝਾਂ ਦੀ ਬਾਤ ਪਾਉਂਦਾ ਗੀਤ ਪੇਸ ਕੀਤਾ।

ਮਿਸ ਵੰਦਨਾ ਸਰਮਾਂ ਨੇ ਕੋਵਿਡ ਦੌਰਨ ਬਜੁਰਗਾਂ ਲਈ ਹੈਦੀ ਲਾਈਫ ਬਾਰੇ ਟਿਪਸ ਸਾਂਝੇ ਕੀਤੇ। ਗਿਆਨ ਸਿੰਘ ਨੇ ਉਰਦੂ ਜ਼ੁਬਾਨ ਦੇ ਅਰਥਮਈ ਸ਼ਬਦਾਂ ਦਾ ਸਾਡੀ ਜ਼ਿੰਦਗੀ ਨਾਲ ਨਿੱਤ ਦਿਹਾੜੇ ਸਬੰਧਾਂ ਬਾਰੇ ਸਾਂਝ ਪਾਈ ।

# ਲਿਬਰਲਾਂ ਦਾ ਚੋਣ ਪ੍ਰਚਾਰ ਪੰਜਾਬੀਆਂ ਦੇ ਬੈਕਯਾਰਡਾਂ ਵਿੱਚ ਵੀ ਜਾ ਪੁੱਜਾ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਚੋਣਾਂ ਦੇ ਦਿਨਾਂ ਦੌਰਾਨ ਇਹ ਤਾਂ ਵੇਖਣ ਵਿੱਚ ਆਉਂਦਾ ਹੈ ਕਿ ਬੈਕਯਾਰਡਾਂ ਦੀ ਫੈਂਸ ਉੱਪਰ ਉਮੀਂਦਵਾਰਾ ਦੇ ਚੋਣਾਂ ਵਾਲੇ ਬੋਰਡ ਲਟਕਦੇ ਦਿਖਾਈ ਦਿੰਦੇ ਹਨ ਪਰ ਹੁਣ ਕਨੇਡਾ ਦੀਆਂ ਫੈਡਰਲ ਚੋਣਾਂ ਦੌਰਾਨ ਲਿਬਰਲ ਪਾਰਟੀ ਦੇ ਉਮੀਂਦਵਾਰਾਂ ਦੀ ਚੋਣ ਮੁਹਿੰਮ ਪੰਜਾਬੀਆਂ ਦੇ ਬੈਕਯਾਰਡਾਂ ਵਿੱਚ ਵੀ ਜਾ ਪੁੱਜੀ ਹੈ। ਲਿਬਰਲ ਪਾਰਟੀ ਦੀ ਸਮੁੱਚੀ ਲੀਡਰਸਿੱਪ ਕੈਲਗਰੀ ਸਕਾਈਵਿਊ ਹਲਕੇ ਵਿੱਚ ਬਾਰ ਬਾਰ ਗੇੜੀਆਂ ਮਾਰ ਰਹੀ ਹੈ ।



ਲਿਬਰਲ ਪਾਰਟੀ ਦੇ ਮੁਖੀ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਖੁਦ ਥੋੜੇ ਜਿਹੇ ਸਮੇਂ ਵਿੱਚ ਇਸ ਹਲਕੇ ਦੇ ਦੋ ਚੱਕਰ ਲਗਾ ਚੁੱਕੇ ਹਨ । ਡਿਪਟੀ ਪਰਾਈਮ ਮਨਿਸਟਰ ਦਾ ਵੀ ਇੱਕ ਦਿਨ ਦਾ ਟੂਰ ਪਰੋਗਰਾਮ ਸੀ ਪਰ ਉਹ ਕੈਂਸਲ ਹੋਣ ਕਾਰਣ ਐਮ ਪੀ ਸੁਖ ਧਾਲੀਵਾਲ ਨੇ ਕੈਲਗਰੀ ਸਕਾਈਵਿਊ ਦੇ ਪੰਜਾਬੀਆਂ ਨੂੰ ਸੰਬੋਧਨ ਕੀਤਾ। ਹੁਣ ਰੱਖਿਆ ਮੰਤਰੀ ਸ: ਹਰਜੀਤ ਸਿੰਘ ਸੱਜਣ ਦਾ ਦੋ ਦਿਨਾਂ ਪਰੋਗਰਾਮ ਵੀ ਪੰਜਾਬੀਆਂ ਦੇ ਵੋਟ ਬੈਂਕ ਨੂੰ ਪ੍ਰਭਾਵਿਤ ਕਰਦਾ ਦਿਖਾਈ ਦਿੱਤਾ ।

ਦਸਮੇਸ ਕਲਚਰਲ ਸੀਨੀਅਰ ਸਿਟੀਜਨ ਸੁਸਾਇਟੀ ਕੈਲਗਰੀ ਦੇ ਬਜੁਰਗਾਂ ਕੋਲੋਂ ਵੀ ਜੌਰਜ ਚਾਹਲ ਦੇ ਹੱਕ ਵਿੱਚ ਸਮਰਥਨ ਮੰਗਿਆ ਗਿਆ। ਲਿਬਰਲ ਪਾਰਟੀ ਦੇ ਪੁਰਾਣੇ ਸਰਗਰਮ ਵਰਕਰ ਮਨਜੋਤ ਸਿੰਘ ਗਿੱਲ ਦੇ ਘਰ ਦੇ ਬੈਕਯਾਰਡ ਵਿੱਚ ਲਿਬਰਲ ਉਮੀਂਦਵਾਰ ਜੌਰਜ ਚਾਹਲ ਦੇ ਹੱਕ ਵਿੱਚ ਬੋਲਦਿਆਂ ਸ: ਹਰਜੀਤ ਸਿੰਘ ਸੱਜਣ ਨੇ ਟਰੁਡੋ ਸਰਕਾਰ ਨੂੰ ਦੁਬਾਰਾ ਚੁਣੇ ਜਾਣ ਲਈ ਬੇਨਤੀ ਕੀਤੀ।

# ਐਮਪੀ ਦੀ ਚੋਣ ਲੜ ਰਹੇ ਚਾਹਲ ਦੇ ਹੱਕ ‘ਚ ਅਮਰ ਤੇ ਪੰਮਾ ਵੱਲੋਂ ਵੱਡਾ ਇਕੱਠ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੋਵਿਡ ਦੌਰਾਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਹਰ ਵਰਗ ਦੀ ਆਰਥਿਕ ਤੌਰ ‘ਤੇ ਮੱਦਦ ਕੀਤੀ ਜਿਸ ਕਾਰਨ ਹੀ ਲੋਕਾਂ ਨੂੰ ਮੁੱਢਲੀਆਂ ਲੋੜਾਂ ਪੂਰੀਆਂ ਕਰਨ ‘ਚ ਕੋਈ ਸਮੱਸਿਆ ਪੈਦਾ ਨਹੀਂ ਹੋਈ । ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਕੈਲਗਰੀ ਸਕਾਈਵਿਊ ਤੋਂ ਚੋਣ ਲੜ ਰਹੇ ਜੌਰਜ ਚਾਹਲ ਨੇ ਕੀਤਾ। ਅਮਰ ਜੀ ਸਕੇਅਰ ਕੰਕਰੀਟ ਤੇ ਪੰਮਾ ਫ੍ਰੈਂਡਸ ਸਟੱਕੋ ਵਾਲ਼ਿਆਂ ਨੇ ਰੀ ਬੈਕੂਐਂਟ ਹਾਲ ‘ਚ ਜੌਰਜ ਚਾਹਲ ਦੇ ਹੱਕ ‘ਚ ਇਕੱਠ ਕੀਤਾ ਜਿਸ ‘ਚ ਵੱਡੀ ਗਿਣਤੀ ‘ਚ ਲੋਕਾਂ ਨੇ ਸ਼ਮੂਲੀਅਤ ਕੀਤੀ। ਇਸ ਸਮੇਂ ਜੌਰਜ ਚਾਹਲ ਨੇ ਕੌਂਸਲਰ ਹੁੰਦਿਆਂ ਜੋ ਕੰਮ ਕੀਤੇ ਉਨ੍ਹਾਂ ਦਾ ਵੀ ਜ਼ਿਕਰ ਬੜੇ ਵਿਸਥਾਰ ਨਾਲ ਕੀਤਾ ਜਿਸ ‘ਚ ਉਨ੍ਹਾਂ ਨੇ ਏਅਰਪੋਰਟ ਰੋਡ ਲਈ ਜਸਟਿਨ ਟਰੂਡੋ ਦਾ ਵਿਸ਼ੇਸ਼ ਤੌਰ ਧੰਨਵਾਦ ਵੀ ਕੀਤਾ। ਲਿਬਰਲ ਪਾਰਟੀ ਦੇ ਸੀਨੀਅਰ ਵਰਕਰ ਗੁਰਮੀਤ ਸਿੰਘ ਨੇ ਜਸਟਿਨ ਟਰੂਡੋ ਤੇ ਉਨ੍ਹਾਂ ਦੇ ਪਿਤਾ ਬਾਰੇ ਵਿਸਥਾਰ ਨਾਲ ਲੋਕਾਂ ਨੂੰ ਦੱਸਿਆ ਕਿ ਇਸ ਪਰਿਵਾਰ ਨੇ ਹਮੇਸ਼ਾ ਜਾਤਾਂ-ਧਰਮਾਂ ਤੋਂ ਉੱਪਰ ਉੱਠ ਕੇ ਕੈਨੇਡੀਅਨ ਲਈ ਕੰਮ ਕੀਤਾ ਤੇ ਵਿਸ਼ੇਸ਼ ਤੌਰ ‘ਤੇ ਇਮੀਗ੍ਰਾਂਟਸ ਨੂੰ ਬਰਾਬਰ ਦਾ ਕੈਨੇਡੀਅਨ ਬਣਾਇਆ। ਇਸ ਸਮੇਂ ਅਮਰ ਨੇ ਜੌਰਜ ਚਾਹਲ ਦੇ ਹੱਕ ‘ਚ ਬੋਲਦਿਆਂ ਕਿਹਾ ਕਿ ਜਿੰਨੇ ਕੰਮ ਜੌਰਜ ਚਾਹਲ ਨੇ ਹੁਣ ਤੱਕ ਕੀਤੇ ਹਨ ਮੈਨੂੰ ਨਹੀਂ ਲੱਗਦਾ ਕਿ ਹੁਣ ਤੱਕ ਇੰਨੇ ਕੰਮ ਕਿਸੇ ਨੇ ਕੀਤੇ ਹੋਣਗੇ, ਉਨ੍ਹਾਂ ਕਿਹਾ ਅਲਬਰਟਾ ਦੀ ਤਰੱਕੀ ਲਈ ਇੱਥੋਂ ਕੋਈ ਚੰਗਾ ਨੁਮਾਇੰਦਾ ?ਟਵਾਂ ‘ਚ ਹੋਣ ਬਹੁਤ ਜ਼ਰੂਰੀ ਹੈ। ਜਿਸ ਲਈ ਸਾਨੂੰ ਸਾਰਿਆਂ ਨੂੰ ਜੌਰਜ ਚਾਹਲ ਦਾ ਸਾਥ ਦੇਣ ਦੀ ਲੋੜ ਹੈ ਤਾਂ ਕੀ ਉਨ੍ਹਾਂ ਦੀ ਜਿੱਤ ਯਕੀਨੀ ਹੋ ਸਕੇ। ਇਸ ਸਮੇਂ ਅਮਰ ਤੇ ਪੰਮਾ ਨੇ ਪਹੁੰਚੇ ਹੋਏ ਮਹਿਮਾਨਾਂ ਦਾ ਵਿਸ਼ੇਸ਼ ਤੌਰ ‘ਤੇ ਧੰਨਵਾਦ ਕੀਤਾ।

# ਅਧਿਆਪਕ ਦਿਵਸ ਮੌਕੇ ਮਨ ਦਾ ਕੋਨਾ ਅਤੇ ਵੀਰਾਂ ਦੀ ਘੁੰਢ ਚੁਕਾਈ ਹੋਈ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਪੰਜਾਬੀ ਸ਼ਬਦ ਸਾਂਝ ਵੱਲੋਂ 5 ਸਤੰਬਰ ਨੂੰ ਅਧਿਆਪਕ ਦਿਵਸ ਮੌਕੇ ਦੋ ਕਿਤਾਬਾਂ ਦੀ ਘੁੰਡ ਚੁਕਾਈ ਐਕਸ ਸਰਵਿਸਮੈਨ ਦੇ ਦਫਤਰ ਵਿੱਚ ਇੱਕ ਭਰਵੇਂ ਅਤੇ ਪ੍ਰਭਾਵਸ਼ਾਲੀ ਇਕੱਠ ਵਿੱਚ ਕੀਤੀ ਗਈ। ਜਿਸ ਵਿੱਚ ਡਾਕਟਰ ਬਲਵਿੰਦਰ ਕੌਰ ਬਰਾੜ ਦੀ ਪੁਸਤਕ ਮਨ ਦਾ ਕੋਨਾ ਅਤੇ ਸਵਰਗਵਾਸੀ ਹਰਨੇਕ ਸਿੰਘ ਬੱਧਨੀ ਦੀ ਕਹਾਣੀਆਂ ਦੀ ਪੁਸਤਕ ਵੀਰਾਂ ਸ਼ਾਮਲ ਸਨ । ਸਮਾਗਮ ਦੀ ਸ਼ੁਰੂਆਤ ਰੈਡ ਐਫ ਐਮ ਦੇ ਹੋਸਟ ਰਿਸ਼ੀ ਨਾਗਰ ਵੱਲੋਂ ਕੀਤੀ ਗਈ ਜਿਸ ਵਿੱਚ ਉਨ੍ਹਾਂ ਜਿੱਥੇ ਆਏ ਹੋਏ ਮਹਿਮਾਨਾਂ ਨੂੰ ਜੀ ਆਇਆ ਕਹਿੰਦਿਆਂ ਅਧਿਆਪਕ ਦਿਵਸ ਨੂੰ ਸਮਰਪਤ ਅਧਿਆਪਕਾਂ ਨੂੰ ਵਧਾਈ ਦਿੰਦੇ ਹੋਏ ਭਾਵ ਪੂਰਕ ਸ਼ਬਦਾਂ ਵਿੱਚ ਆਪਣੇ ਨਾਮਵਰ ਅਧਿਆਪਕਾਂ ਦਾ ਜ਼ਿਕਰ ਕਰਦੇ ਹੋਏ ਅਧਿਆਪਕ ਦਿਵਸ ਦੀ ਵਧਾਈ ਦਿੱਤੀ ।

ਇਨ੍ਹਾਂ ਤੋਂ ਬਾਅਦ ਡਾਕਟਰ ਸਰਬਜੀਤ ਕੌਰ ਜਵੰਦਾ ਨੇ ਡਾਕਟਰ ਬਰਾੜ ਦੀ ਪੁਸਤਕ ਮਨ ਦਾ ਕੋਨਾ ਬਾਰੇ ਬੜਾ ਪ੍ਰਭਾਵਸ਼ਾਲੀ ਭਾਸ਼ਨ ਦਿੱਤਾ ਕਿ ਕਿਸ ਤਰ੍ਹਾਂ ਮੈਡਮ ਬਰਾੜ ਨੇ ਕੋਰੋਨਾ ਕਾਲ ਦੇ ਵਿੱਚ ਆਪਣੀਆਂ ਨਵੀਆਂ ਅਤੇ ਪੁਰਾਣੀਆਂ ਯਾਦਾਂ ਨੂੰ ਸਮਰਪਿਤ ਪੁਸਤਕ ਰਾਹੀਂ ਦਰਸ਼ਕਾਂ ਦੀ ਝੋਲੀ ਵਿੱਚ ਪਾਇਆ ਹੈ




।ਇਹਨਾਂ ਤੋਂ ਬਾਅਦ ਮਾਸਟਰ ਬਚਿੱਤਰ ਸਿੰਘ ਗਿੱਲ ਨੇ ਆਪਣੇ ਵੱਖਰੇ ਅੰਦਾਜ਼ ਵਿੱਚ ਕਵੀਸ਼ਰੀ ਗਾ ਕੇ ਦਰਸ਼ਕਾਂ ਦੀ ਵਾਹ-ਵਾਹ ਖੱਟੀ। ਡਾਕਟਰ ਹਰਭਜਨ ਸਿੰਘ ਢਿੱਲੋਂ ਨੇ ਸਵਰਗਵਾਸੀ ਹਰਨੇਕ ਸਿੰਘ ਬੱਧਨੀ ਦੀ ਪੁਸਤਕ ਵੀਰਾਂ ਬਾਰੇ ਚਰਚਾ ਕਰਦੇ ਹਰਨੇਕ ਸਿੰਘ ਬੱਧਨੀ ਨਾਲ ਆਪਣੇ ਬਿਤਾਏ ਹੋਏ ਪਲਾਂ ਨੂੰ ਯਾਦ ਕੀਤਾ ਉਸ ਤੋਂ ਬਾਅਦ ਦੋਨਾਂ ਪੁਸਤਕਾਂ ਨੂੰ ਸਟੇਜ ਤੋ ਰਿਲੀਜ਼ ਕੀਤਾ ਗਿਆ। ਡਾਕਟਰ ਲਖਬੀਰ ਸਿੰਘ ਰਿਆੜ ਨੇ ਡਾਕਟਰ ਬਰਾੜ ਦੀ ਪੁਸਤਕ ਬਾਰੇ ਬੋਲਦਿਆਂ ਕਿਤਾਬ ਵਿਚਲੀਆਂ ਬਰੀਕੀਆਂ, ਯਾਦਾਂ, ਭਾਸ਼ਾ ਅਤੇ ਲੇਖਣੀ ਨਾਲ ਸਬੰਧਤ ਮਹੱਤਵਪੂਰਨ ਵਿਸ਼ਿਆਂ ਦਾ ਜ਼ਿਕਰ ਕਰਦੇ ਹੋਏ ਭਰਵੀਂ ਹਾਜ਼ਰੀ ਲਵਾਈ । ਮੈਡਮ ਗੁਰਚਰਨ ਕੌਰ ਥਿੰਦ ਅਤੇ ਜਗਦੇਵ ਸਿੰਘ ਸਿੱਧੂ ਨੇ ਵੀ ਮੈਡਮ ਬਰਾੜ ਦੀ ਪੁਸਤਕ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ । ਐਸੋਸੀਏਸ਼ਨ ਦੇ ਪ੍ਰਧਾਨ ਬਲਕਾਰ ਸਿੰਘ ਸੰਧੂ ਨੇ ਆਪਣੀ ਸਭਾ ਵੱਲੋਂ ਧੰਨਵਾਦ ਕੀਤਾ ਇਨ੍ਹਾਂ ਤੋਂ ਬਾਅਦ ਸੁਖਰਾਮ ਸੰਧੂ ਨੇ ਡਾਕਟਰ ਬਲਵਿੰਦਰ ਕੌਰ ਬਰਾੜ ਨੂੰ ਵਧਾਈ ਦਿੰਦੇ ਹੋਏ ਹਾਜ਼ਰੀ ਲਵਾਈ । ਡਾਕਟਰ ਬਲਵਿੰਦਰ ਕੌਰ ਬਰਾੜ ਨੇ ਉਹਨਾਂ ਦੀ ਕਲਮ ਦੇ ਪਾਠਕਾਂ ਦਾ ਧੰਨਵਾਦ ਕਰਦੇ ਹੋਏ ਆਪਣੀ ਪੁਸਤਕ ਬਾਰੇ ਅਤੇ ਅਧਿਆਪਕ ਦੀਆਂ ਜਿੰਮੇਵਾਰੀਆਂ ਬਾਰੇ ਵਿਸਥਾਰ ਪੂਰਬਕ ਭਾਸ਼ਣ ਦੇ ਕੇ ਖੂਬ ਰੰਗ ਬੰਨ੍ਹਿਆ। ਦੂਜੀ ਵਾਰ ਫਿਰ ਮੰਚ ਉਪਰੋਂ ਸਪੈਦਸਲ ਸੱਦਾ ਹੋਣ ਕਾਰਣ ਮਾਸਟਰ ਬਚਿੱਤਰ ਸਿੰਘ ਨੇ ਜੱਗ ਜੰਕਸ਼ਨ ਰੇਲਾਂ ਦਾ ਗੱਡੀ ਇੱਕ ਆਵੇ ਇੱਕ ਜਾਵੇ ਕਵੀਸ਼ਰੀ ਗਾ ਕੇ ਸਮਾਗਮ ਦੀ ਸਮਾਪਤੀ ਕੀਤੀ । ਇਸ ਸਮਾਗਮ ਵਿਚ ਡਾਕਟਰ ਬਰਾੜ ਦੇ ਪਰਿਵਾਰ ਤੋਂ ਇਲਾਵਾ ਤੋਂ ਇਲਾਵਾ ਸਵ: ਹਰਨੇਕ ਸਿੰਘ ਬੱਧਣੀ ਦਾ ਪਰਿਵਾਰ ਵੀ ਸ਼ਾਮਲ ਸੀ । ਸਾਹਿਤ ਸੰਸਥਾਵਾਂ, ਵੋਮੈਨ ਐਸੋਸੀਏਸ਼ਨ ਦੇ ਬਹੁਤ ਸਾਰੇ ਮੈਂਬਰਾਂ ਤੋਂ ਇਲਾਵਾ ਪੰਜਾਬੀ ਯੂਨੀਵਰਸਿਟੀ ਪਟਿਆਲਾ ਨਾਲ ਸਬੰਧਤ ਵਿਦਿਆਰਥੀਆਂ ਨੇ ਵੀ ਵੱਡੀ ਗਿਣਤੀ ਵਿੱਚ ਹਾਜਰੀ ਲਗਵਾਈ। ਪੰਜਾਬੀ ਮੀਡੀਆ ਨਾਲ ਸਬੰਧਿਤ ਪਰਾਈਮ ਏਸੀਆ ਟੀਵੀ ਅਤੇ ਪੰਜਾਬੀ ਅਖ਼ਬਾਰ ਤੋਂ ਹਰਬੰਸ ਬੁੱਟਰ, ਰੇਡੀਓ ਰੈਡ ਐਫ ਐਮ ਤੋਂ ਡੀ ਪੀ ਢਿੱਲੋਂ, ਅਤੇ ਵੱਖ-ਵੱਖ ਪਰੈਸ ਪਰ ਇਸ ਨਾਲ ਸਬੰਧਤ ਨਾਮਵਰ ਸਖ਼ਸ਼ੀਅਤਾਂ ਹਾਜ਼ਰ ਸਨ । ਸਟੇਜ ਦੀ ਜ਼ਿੰਮੇਵਾਰੀ ਡਾਕਟਰ ਮੁਖਤਿਆਰ ਸਿੰਘ ਨੇ ਨਿਭਾਈ ।

## ਬੱਸ ਵੱਲ ਜਾਂਦੇ ਟਰੂਡੋ ਉੱਪਰ ਭੀੜ ਵਿੱਚੋਂ ਕਿਸੇ ਨੇ ਵੱਟੀਆਂ ਮਾਰੀਆਂ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਲਿਬਰਲ ਪਾਰਟੀ ਲੀਡਰ ਜਸਟਿਨ ਟਰੂਡੋ ਨੂੰ ਲੋਕਾਂ ਦੇ ਵਿਰੋਧ ਦਾ ਇੱਕ ਵਾਰ ਮੁੜ ਸਾਹਮਣਾ ਕਰਨਾ ਪਿਆ ਹੈ ਤੇ ਲੰਡਨ, ਟੈਰੀ ਵਿਚ ਕੈਂਪੇਨਿੰਗ ਦੌਰਾਨ ਉਹਨਾਂ ਉੱਪਰ ਗ੍ਰੈਵਲ ਸੁੱਟੇ ਜਾਣ ਦੀ ਰਿਪੋਰਟ ਹੈ। ਉਹ ਆਪਣੀ ਬੱਸ ਵਾਲ ਜਾ ਰਹੇ ਸਨ ਜਦੋਂ ਉਹਨਾਂ ਉੱਪਰ ਕਿਸੇ ਨੇ ਵੱਟੀਆਂ ਭਰੀ ਰੇਤਾ ਆਦਿ ਵਗਾਹ ਮਾਰੀ। ਉਹਨਾਂ ਦੇ ਨਾਲ ਚੱਲ ਰਹੀ ਪੱਤਰਕਾਰਾਂ ਦੀ ਟੀਮ ਦੇ ਦੋ ਮੈਂਬਰਾਂ ਤੇ ਖੁਦ ਲਿਬਰਲ ਲੀਡਰ ਨੂੰ ਇਹ ਵੱਟੀਆਂ ਲੱਗੀਆਂ ਦੱਸੀਆਂ ਜਾਂਦੀਆਂ ਹਨ। ਟਰੂਡੋ ਦੀ ਸੁਰੱਖਿਆ ਟੀਮ ਨੂੰ ਭਾਰੀ ਮਸ਼ੱਕਤ ਦਾ ਸਾਹਮਣਾ ਕਰਨਾ ਪਿਆ ਤੇ ਜਾਂਚ ਕੀਤੀ ਜਾ ਰਹੀ ਹੈ।



ਕੈਲਗਰੀ ਦੇ ਨਾਰਥ ਈਸਟ ਏਰੀਆ ਵਿੱਚ ਖੇਡਣ ਲਈ ਆਧੁਨਿਕ ਕਿਸਮ ਦੇ ਗਰਾਊਂਡ (ਜੈਨੇਸਿਸ ਸੈਂਟਰ ਦੀਆਂ ਗਰਾਊਂਡਾਂ) ਕੌਂਸਲਰ ਜੌਰਜ ਚਾਹਲ ਦੀ ਹਿੰਮਤ ਸਦਕਾ ਹੋਂਦ ਵਿੱਚ ਆਏ ਹਨ। ਇਹਨੀ ਦਿਨੀ ਜੌਰਜ ਚਾਹਲ ਕੈਲਗਰੀ ਸਕਾਈਵਿਊ ਤੋਂ ਫੈਡਰਲ ਉਮੀਦਵਾਰ ਵੀ ਹਨ । ਚਾਹਲ ਦਾ ਕਹਿਣਾ ਹੈ ਕਿ ਜੇ ਕਰ ਉਹ ਜਿੱਤਕੇ ਔਟਵਾ ਜਾਂਦੇ ਹਨ ਤਾਂ ਆਪਣੇ ਇਸ ਹਲਕੇ ਦਾ ਹੋਰ ਵਿਕਾਸ ਕਰ ਸਕਣਗੇ । ਇਸ ਮੌਕੇ ਕੈਲਗਰੀ ਦੇ ਮੇਅਰ ਨਾਹੀਦ ਨੈਂਸੀ, ਐਮ ਐਲ ਏ ਇਰਫਾਨ ਸਾਬਿਰ ਅਤੇ ਅਤੇ ਐਮ ਐਲ ਏ ਦਵਿੰਦਰ ਤੂਰ ਵੀ ਹਾਜਿਰ ਸਨ।

# ਸੰਸਥਾ ਦੇ ਸੰਸਥਾਪਕ ਸਵ: ਸੁਖਦੇਵ ਸਿੰਘ ਖਹਿਰਾ ਦੀ ਯਾਦ ਵਿੱਚ ਮੇਨ ਹਾਲ ਦਾ ਨਾਂ ਰੱਖਿਆ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਦੇ ਗੁਰਦਵਾਰਾ ਦਸਮੇਸ ਕਲਚਰਲ ਸੈਂਟਰ ਦੇ ਹਿੱਸੇ ਵੱਜੋਂ ਜਾਣੀ ਜਾਂਦੀ ਬਜੁਰਗਾਂ ਦੀ ਸੰਸਥਾ ਦਸਮੇਸ ਕਲਚਰਲ ਸੀਨੀਅਰ ਸਿਟੀਜਨ ਸੈਂਟਰ ਕੈਲਗਰੀ ਵਾਲੀ ਬਿਲਡਿੰਗ ਦੇ ਮੇਨ ਹਾਲ ਦਾ ਨਾਂ ਸ: ਸੁਖਦੇਵ ਸਿੰਘ ਖਹਿਰਾ ਹਾਲ ਰੱਖ ਦਿੱਤਾ ਗਿਆ ਹੈ। ਬੀਤੇ 5 ਸਤੰਬਰ 2021 ਵਾਲੇ ਦਿਨ ਬਜੁਰਗਾਂ ਦੀ ਵੱਡੀ ਗਿਣਤੀ ਵਿੱਚ ਹਾਜਰੀ ਦੌਰਾਨ ਅਰਦਾਸ ਉਪਰੰਤ ਸਵ: ਖਹਿਰਾ




ਸਾਹਿਬ ਦੇ ਨਾਂ ਵਾਲੀ ਤਖਤੀ ਅਤੇ ਉਹਨਾਂ ਦੀ ਫੋਟੋ ਉਪਰੋਂ ਪਰਦਾ ਉਠਾਉਣ ਦੀ ਰਸਮ ਹੋਈ। ਸੰਸਥਾ ਦੇ ਮੌਜੂਦਾ ਪ੍ਰਧਾਨ ਸ: ਵਰਿੰਦਰਜੀਤ ਸਿੰਘ ਭੱਟੀ ਨੇ ਖਹਿਰਾ ਸਾਹਿਬ ਨਾਲ ਬਿਤਾਏ ਪਲਾਂ ਨੂੰ ਚੇਤੇ ਕਰਦਿਆਂ ਕਿਹਾ ਕਿ ਸੰਸਥਾ ਲਈ ਖਹਿਰਾ ਸਾਹਿਬ ਵੱਲੋਂ ਕੀਤੇ ਉਪਰਾਲੇ ਅੱਜ ਉਹਨਾਂ ਦੇ ਨਾਂ ਵਾਲੀ ਤਖਤੀ ਦੇ ਰੂਪ ਵਿੱਚ ਸੁਨਿਹਰੀ ਯਾਦਾਂ ਦੀ ਛਾਪ ਛੱਡ ਰਹੇ ਹਨ। ਇਸ ਮੌਕੇ ਖਹਿਰਾ ਸਾਹਿਬ ਦੇ ਪਰਿਵਾਰਕ ਨੂੰ ਸਿਰੋਪੇ ਦੇਕੇ ਸਨਮਾਨਿਤ ਵੀ ਕੀਤਾ ਗਿਆ।

SUPERVISA
Medical Insurance
ਜਿਹੜੀਆਂ ਸੇਵਾਵਾਂ ਇੰਸ਼ੋਰੈਂਸ ਕਰਨ ਵੇਲੇ ਦੱਸਣਗੇ ਲੋੜ ਪੈਣ ਤੇ ਉਹੀ ਮਿਲਣਗੀਆਂ
Punjab Insurance Inc

Harpinder Sidhu
REGIONAL MANAGER
403 404 3500
sidhu.harpinder@gmail.com
ਤਜ਼ਰਬੇਕਾਰ ਅਤੇ ਭਰੋਸੇਯੋਗ ਟੀਮ ਦੇ ਮੈਂਬਰ ਤੁਹਾਡੀ ਸੇਵਾ ਵਿੱਚ
SERVICES
- Life Insurance
- Mortgage Insurance
- Critical Illness Insurance
- Disability Insurance

Gurinder Chahal
MANAGER
587 707 7000
cgyquotes@gmail.com

A PLUS
- ਤੁਹਾਡੇ ਮਿਹਨਤ ਨਾਲ ਕਮਾਏ ਡਾਲਰਾਂ ਦਾ ਸਹੀ ਮੁੱਲ ਮਿਲੇ ਅਤੇ ਲਾਰੇ ਲੱਪਿਆਂ ਤੋਂ ਪਹਿਲਾਂ ਠੀਕ ਟਿਕਾਣੇ ਉੱਪਰ ਪੁੱਜਣ।
- ਪੰਜਾਬ ਤੋਂ ਰੁਪਈਏ ਦੇ ਬਦਲੇ ਡਾਲਰ ਵਧੀਆ ਰੇਟ ਉੱਪਰ ਕਨੇਡਾ ਬੈਠੇ ਹੀ ਲਓ।
- ਸਾਡੇ ਕੋਲੋਂ ਇੱਕ ਬਾਰ ਰੇਟ ਜ਼ਰੂਰ ਜਾਣ ਲਓ।
- ਇੰਡੀਆ ਪੈਸੇ ਭੇਜਣ ਜਾਂ ਮੰਗਵਾਉਣ ਲਈ ਭਰੋਸੇਮੰਦ ਨਾਂ।
A-Plus Foreign Exchange
#333-55 Westwinds Cres NE
(ਸੁਪਰ ਸਟੋਰ ਦੇ ਨੇੜੇ ਸਮੋਸਾ ਫੈਕਟਰੀ ਵਾਲੇ ਪਲਾਜੇ ਵਿਚ)
Calgary (AB) T3J 5H2

Kewal Sangha
587 582 6666
- ਤੁਹਾਨੂੰ ਕਚਿਹਰੀਆਂ ਵਿੱਚ ਖੱਜਲ ਖੁਆਰ ਹੋਣ ਦੀ ਲੋੜ ਨਹੀਂ।
- ਤੁਹਾਡੀ ਆਪਣੀ ਹੀ ਜ਼ਮੀਨ ਜਾਇਦਾਦ ਦੀ ਹੋਈ ਬੇ-ਮਾਲਕੀ ਨੂੰ ਅਸੀਂ ਮਾਲਕੀ ਬਣਾਵਾਂਗੇ।
- ਸਾਡੇ ਕੋਲ ਕਨੇਡਾ ਅਤੇ ਇੰਡੀਆ ਵਿੱਚ ਤਜ਼ਰਬੇਕਾਰ ਮਾਹਿਰ ਵਕੀਲਾਂ ਦੀ ਟੀਮ ਹੈ।
- ਜ਼ਮੀਨ/ਜਾਇਦਾਦ ਦੀ ਖ਼ਰੀਦ/ਵੇਚ ਸਬੰਧੀ ਕੋਈ ਵੀ ਮਸਲਾ ਹੋਵੇ ਤਾਂ ਸਾਨੂੰ ਸੰਪਰਕ ਕਰੋ।
A Plus
Immigration & NRI Solutions
nriservicecalgary@gmail.com

# VOTE Liberal:

## As you're MP, Ben Henderson will:

- Be a local and experienced voice for Edmonton in Ottawa.
- Ensure Edmonton's economic future by working to create 1 million jobs by the end of this year.
- Make $10/day childcare for Mill Woods families a reality.
- Support permanent transit funding so that we can improve the transit service for Mill Woods residents.
- Take action on climate change that will protect our environment and open the door for good quality, stable, long-term jobs
- Be part of a government that supports and celebrates the diversity of our community.



@BenHendersonMillWoods

@benhenderson.millwoods

www.benhenderson.ca

Visit our campaign office:
4444 36 Ave

*Authorized by the official agent for Ben Henderson.*



Bliss & Beauty

Rejuvenate your Mind, Body & Soul.

Reiki, Bio Energy, Healing Touch & Facials

ਸਿਰਫ਼ ਔਰਤਾਂ ਲਈ ਸੇਵਾਵਾਂ



JASVIR KAUR

To Book a Session CALL us at:

403-829-4814

20 Saddlestone Drive NE T3J OW8

info.blissandbeauty@gmail.com    Located on 2nd Floor in Saddleridge Plaza





PUNJABI SWEETS

HOUSE & RESTAURANT

ALL KINDS OF SWEETS NON-VEG & VEGI FOOD

FAST & BEST FRIENDLY SERVICE

TAKE OUT
We do catering also

ਤਾਜਾ ਅਤੇ ਸਵਾਦੀ ਖਾਣਾ ਜਿਵੇਂ ਸਮੋਸੇ, ਗੋਲਗੱਪੇ, ਚਾਟ, ਤਾਜ਼ਾ ਮਠਿਆਈ ਬਰਫੀ, ਗੁਲਾਬ ਜਾਮਣ, ਰਸਗੁੱਲੇ, ਲੱਡੂ ਅਤੇ ਜਲੇਬੀਆਂ ਖਾਣ ਜਾਂ ਲਿਜਾਣ ਲਈ ਅੱਜ ਹੀ ਸਾਡੇ ਰੈਸਟੋਰੈਂਟ 'ਤੇ ਪਹੁੰਚੋ ਜਾਂ ਫੋਨ ਕਰੋ।

Open 7 Days a Week

403-293-5252

Bay 113 216 Saddle Towne Cir. N.E. T3J 0C9



Bains Vision Centre

ਅੱਖਾਂ ਦੇ ਮਸ਼ਹੂਰ ਡਾਕਟਰ ਜਸਵਿੰਦਰ ਸਿੰਘ ਬੈਂਸ ਹੁਣ ਨਾਰਥ ਈਸਟ ਕੈਲਗਰੀ ਵਿੱਚ ਆ ਗਏ ਹਨ।

ਹਰ ਕਿਸਮ ਦੀਆਂ ਬਰੈਂਡ ਐਨਕਾਂ ਵੀ ਮਿਲਦੀਆਂ ਹਨ



Dr.Jaswinder S Bains

Ph.D., OD.

Tel: 403-274-4514

Fax: 403-274-4680

5218 Falsbridge Dr NE Calgary AB T3J 3G1



ਮੇਰੇ ਰਾਹੀਂ ਆਪਣਾ ਘਰ ਵੇਚੋ ਅਤੇ ਕਮਿਸ਼ਨ ਉੱਪਰ ਹਜਾਰਾਂ ਡਾਲਰ ਬਚਾਓ !

Call for your home BUYING & SELLING needs

ਭਾਵੇਂ ਤੁਸੀਂ ਘਰ ਖਰੀਦ ਰਹੇ ਹੋ ਜਾਂ ਵੇਚ ਰਹੇ ਹੋ ਪਰ ਡਾਲਰਾਂ ਦੀ ਬੱਚਤ ਤੋਂ ਸਿਰਫ ਇੱਕ ਫੋਨ ਕਾਲ ਦੂਰ ਹੀ ਹੋ !

urban
Real Estate Services Ltd.



Akshay Kapoor

REALTOR®

403 891 0005







An Efficient Mortgage / Home Financing Process Contact Kulwant Manhas

ਕਨੇਡਾ ਵਿੱਚ ਨਵੇਂ ਆਏ ਹੋ, ਘਰ ਖਰੀਦਣਾ ਚਾਹੁੰਦੇ ਹੋ ਜਾਂ ਰੀ ਫਾਇਨਾਂਸ ਕਰਵਾਉਣਾ ਹੈ ਤਾਂ ਕੁਲਵੰਤ ਮਨਹਾਸ ਨੂੰ ਮਿਲੋ

Scotiabank

Kulwant S. Manhas

Home Financing Advisor

C: (587)-899-2093

E: kulwant.Manhas@scotiabank.com

Specializing in:
- Home Buyers
- Refinancing
- New to Canada
- Construction Draws



Asia Pacific Immigration Consulting Ltd.

ਏਸ਼ੀਆ ਪੈਸੇਫਿਕ ਇਮੀਗਰੇਸ਼ਨ ਕੰਸਲਟਿੰਗ ਲਿਮਟਡ



Maninder S. Dhillon
Regulated Immigration Consultant of Canada
Member ICCRC #R 409807
Member CAPIC
Commissioner for Oaths (Alberta)
Fax: 1-877-557-2001

ਇਮੀਗ੍ਰੇਸ਼ਨ ਸੇਵਾਵਾਂ
- ਮਾਪਿਆਂ ਲਈ ਸੁਪਰ ਵੀਜ਼ਾ
- ਪਰਿਵਾਰਕ ਸਪਾਂਸਰਸ਼ਿਪ
- ਐਲ ਐਮ ਓ ਐਪਲੀਕੇਸ਼ਨ
- ਵਰਕ ਪਰਮਿਟ
- ਰੱਦ ਕੀਤੇ ਕੇਸਾਂ ਵਾਸਤੇ ਅਪੀਲ

iccrc crcic

Call for an appointment

403-225-1111

Toll Free 1-855-723-0001

Unit 144, 3670, 63rd Ave, NE, Calgary, AB (Behind ATB Head Office)

Email: info@apacimmigration.ca  Website : www.apacimmigration.ca

# ਨਾਰਥ ਕੈਲਗਰੀ ਕਲਚਰਲ ਐਸੋਸੀਏਸ਼ਨ ਵੱਲੋਂ ਸਾਲ 2021 ਦਾ ਖੇਡ ਮੇਲਾ ਕਰਵਾਇਆ ਗਿਆ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਬੀਤੀ 3 ਸਤੰਬਰ ਵਾਲੇ ਦਿਨ ਕੈਲਗਰੀ ਦੇ ਐਡਵਰਥੀ ਪਾਰਕ ਵਿਖੇ ਨਾਰਥ ਕੈਲਗਰੀ ਕਲਚਰਲ ਐਸੋਸੀਏਸ਼ਨ ਵੱਲੋਂ ਇੱਕ ਦਿਨਾ ਪਿਕਨਿਕ ਰੂਪੀ ਖੇਡ ਮੇਲਾ ਕਰਵਾਇਆ ਗਿਆ। ਇਸ ਮੇਲੇ ਵਿੱਚ ਸੰਸਥਾ ਦੇ ਬਜੁਰਗ ਮੈਂਬਰ ਔਰਤਾਂ ਅਤੇ ਮਰਦਾਂ ਤੋਂ ਇਲਾਵਾ ਉਹਨਾਂ ਦੇ ਪੋਤਰੇ ਪੋਤਰੀਆਂ ਅਤੇ ਦੋਹਤਰੇ ਦੋਹਤਰੀਆਂ ਨੇ ਵੀ ਹਿੱਸਾ ਲਿਆ। ਕੋਵਿਡ ਸਬੰਧੀ ਹਿਦਾਇਤਾਂ ਦੀ ਪਾਲਣਾ ਕਰਦੇ ਹੋਏ ਇਸ ਦਿਨ ਬਜੁਰਗਾਂ ਦੇ ਜਨਮ ਦਿਨ ਵੀ ਮਨਾਏ ਗਏ। ਘੋੜੇ ਦੀ ਖੁਰੀ ਸੁੱਟਣ ਵਾਲੀ ਗੇਮ ਵਿੱਚ ਬਹੁਤਿਆਂ ਨੇ ਰੁਚੀ



ਦਿਖਾਈ। ਮਿਊਜੀਕਲ ਚੇਅਰ ਰੇਸ,ਸਪੂਨ ਰੇਸ,ਦਰਸਕਾਂ ਦੀਆਂ ਤਾੜੀਆਂ ਦੇ ਨਾਲ ਹੋਰ ਉਤਸਾਹਿਤ ਹੁੰਦੀ ਰਹੀ। ਜੇਤੂ ਰਹੇ ਜੋਧ ਸਿੰਘ ਮਾਂਗਟ,ਸਰੀਨਾ ਕੁਆਨ,ਡਾਲੀਅਨ ਕੁਆਨ ,ਨਤਾਸ਼ਾ ਕੁਆਨ, ਨੇਹਾ, ਮਲੀਹ ਕੁਮਾਰ,ਸੋਫੀਆ ਸੱਗੂ, ਡੇਨੀਅਲ ਸੱਗੂ, ਆਲੀਸ਼ਾ, ਸਾਚੀ ਬਰਾੜ, ਸਾਹਿਲ ਕੁਮਾਰ, ਕਮਲਾ, ਪਰਾਘੇ ਕੌਸ਼ਿਲ ਆਦਿ ਛੋਟੇ ਬੱਚਿਆਂ ਨੂੰ 20 ਡਾਲਰ ਅਤੇ 15 ਡਾਲਰ ਦੇ ਗਿਫਟ ਕਾਰਡ ਇਨਾਮ ਵੱਜੋਂ ਦਿੱਤੇ ਗਏ । ਸੀਨੀਅਰ ਵਰਗ ਦੇ ਜੇਤੂ ਉਮੀਂਦਵਾਰ ਰੁਪਿੰਦਰ ਪਲਾਹਾ, ਮਨਦੀਪ ਪਲਾਹਾ,ਅਮਰਜੀਤ ਪਲਾਹਾ,ਮੰਜੂ ਅਗਰਵਾਲ,ਰਾਣੀ ਸੱਗੂ,ਸਰਵਜੀਤ ਜਬਰਜੰਗ,ਨਿਰਮਲਾ ਕੌਸ਼ਿਲ, ਦਿਲਾਵਰ ਸਿੰਘ ਸਮਰਾ, ਰਾਮ ਸਿੰਘ ਬਰਾੜ, ਰਜਿੰਦਰ ਰਖੜਾ, ਹਰਿੰਦਰ ਮੁੰਡੀ, ਸੁਰਿੰਦਰਜੀਤ ਪਲਾਹਾ, ਸਮਿੰਦਰ ਸਿੰਘ ਕੰਮੋ, ਜੰਗਪਾਲ ਖੋਸਾ, ਅਮੀਤਾ ਕਾਲੀਆ,ਕਰਮ ਸਿੰਘ ਮੁੰਡੀ, ਕ੍ਰਿਸਨ ਦੇਵ ਕੌਸਿਲ, ਯਾਦਵਿੰਦਰ ਸਿੱਧੂ,ਜਬਰਜੰਗ ਸਿੰਘ ਦੇ ਨਾਂ ਸਾਮਿਲ ਹਨ। ਇੱਥੇ ਇਹ ਵੀ ਵਰਨਣਯੋਗ ਹੈ ਇਨਾਮ ਵੱਜੋਂ ਦਿੱਤੇ ਗਏ ਗਿਫਟ ਕਾਰਡ ਯਾਦਵਿੰਦਰ ਸਿੰਘ ਸਿੱਧੂ ਵੱਲੋਂ 25 ਸਾਲ ਦੀ ਉਮਰ ਵਿੱਚ ਵਿਛੜੇ ਆਪਣੇ ਪੁੱਤਰ ਹਰਮਨ ਸਿੱਧੂ ਦੀ ਯਾਦ ਵਿੱਚ ਦਿੱਤੇ ਗਏ।

## ਕਨੇਡਾ ਦੇ ਸ਼ਹਿਰ ਬਰੈਮਪਟਨ ਵਿੱਚ ਵਿਸ਼ਵ ਯੁੱਧ ਲੜਨ ਵਾਲੇ ਸਿੱਖ ਬੁੱਕਮ ਸਿੰਘ ਦੇ ਨਾਮ 'ਤੇ ਸਕੂਲ ਖੁੱਲ੍ਹਿਆ



ਬਰੈਮਪਟਨ (ਪੰਜਾਬੀ ਅਖ਼ਬਾਰ ਬਿਊਰੋ) ਪੰਜਾਬੀ ਵੱਸੋ ਵਾਲੇ ਸ਼ਹਿਰ ਬਰੈਂਪਟਨ ਦੇ ਨਵੇਂ ਬਣੇ ਐਲੀਮੈਂਟਰੀ ਸਕੂਲ ਦਾ ਨਾਮ ਵਿਸ਼ਵ ਯੁੱਧ ਵਿੱਚ ਕੈਨੇਡਾ ਵੱਲੋ ਲੜਣ ਵਾਲੇ ਬੁੱਕਮ ਸਿੰਘ ਦੇ ਨਾਮ ਤੇ ਰੱਖਿਆ ਗਿਆ ਹੈ। ਤਕਰੀਬਨ ਡੇਢ ਸਾਲ ਉਨਟਾਰੀਓ ਸੂਬੇ ਵਿੱਚ ਕਰੋਨਾ ਕਾਰਨ ਸਕੂਲ ਬੰਦ ਹੀ ਰਹੇ ਸਨ । ਇਹ ਸਕੂਲ ਪਹਿਲੀ ਵਾਰ ਬੱਚਿਆ ਲਈ ਖੋਲਿਆ ਗਿਆ ਹੈ।ਜਿਸ ਵਿੱਚ ਸਾਰੇ ਕਨੇਡੀਅਨ ਬੱਚੇ ਦਾਖਲਾ ਲੈ ਸਕਦੇ ਹਨ । ਕਨੇਡਾ ਦੇ ਵਿੱਚ ਸਿੱਖ ਭਾਈਚਾਰੇ ਦੇ ਇਹ ਵੱਡਾ ਸਨਮਾਨ ਹੈ ।


Sidhu Accounting & Financial Services
Accounting Services
Personal Tax Returns
• Corporate Tax Returns
• Computerized Bookkeeping
• T4's
• Record of Employment
Financial Services
• RRSP
• Life Insurance
Term Life
Universal Life
• Critical Illness Insurance
• Segregated Funds
IQBAL SIDHU
(403) 568-2667
ਛੋਟੇ ਵੱਡੇ ਕਿਸੇ ਵੀ ਤਰ੍ਹਾਂ ਦੇ ਬਿਜ਼ਨਸ ਲਈ ਅਕਾਉਂਟਿੰਗ ਦੀ ਹਰ ਤਰ੍ਹਾਂ ਦੀ ਸੇਵਾਵਾਂ ਲਈ ਇਕਬਾਲ ਸਿੱਧੂ ਨੂੰ ਕਾਲ ਕਰੋ।
#202, 4656 Weswinds Drive NE. Calgary AB T3J 3Z5

NORTHEAST AUTOMOTIVE
Bring your vehicle into NorthEast Automotive and be on smoother, stress free roads
First Choice for Engine Repair
ਆਪਣੀ ਕਾਰ ਦੀ ਤਸੱਲੀਬਖਸ਼ ਰਿਪੇਅਰ ਅਤੇ ਇੰਜਣ ਦੇ ਨੰਬਰ 1 ਕੰਮ ਲਈ ਸਾਡੇ ਨਾਲ ਸੰਪਰਕ ਕਰੋ।
Contact: DEEP
4205-17 Ave SE
Calgary (AB)
Fax: 403 313 9993
Email: deep@neauto.ca
www.neauto.ca Ph. 403-263-1000, 403-250-7038

PROUDLY WESTERN CANADIAN
INNOVATIVE STONECRAFT
CRAFTED STONE VENEER
306.591.0670
PARMJOT MAAN
CANADIAN MADE
Your 1st choice for Manufactured STONE CLADDING needs in Residential & Commercial Projects.
CALL NOW!
FOLLOW US
1D, 820 51st St E Saskatoon SK S7K0X8
FREE ESTIMATES
BEST PRICE
We ship across Western Canada.
INFO@INNOVATIVESTONECRAFT.CA
WWW.INNOVATIVESTONECRAFT.CA

APNA BAZAAR
SOUTH ASIAN GROCERY STORE
ਆਪਣਾ ਬਜ਼ਾਰ ਸਾਊਥ ਏਸ਼ੀਅਨ ਗਰੌਸਰੀ ਸਟੋਰ
ਤਾਜੀਆਂ ਸਬਜੀਆਂ, ਦਾਲਾਂ, ਮਸਾਲੇ, ਆਟਾ, ਵੇਸਣ, ਆਚਾਰ, ਮੁਰੱਬੇ, ਬਰਤਨ ਆਦਿ ਨਿੱਤ ਦੀ ਵਰਤੋਂ ਵਾਲਾ ਸਾਰਾ ਸਮਾਨ ਇੱਕੋ ਛੱਤ ਹੇਠ ਮਿਲਦਾ ਹੈ।
102 Hampton Cir #40,
Saskatoon, SK S7R 0B7
PH: 306 491 4742

Universal Immigration Consultancy
UIC Immigration Consultant
rcic · cric
Paramjit Kaur
param@uicimmigration.com
www.uicimmigration.com
Phone: 306-914-8555 | Office: 306-546-0502
ਕੈਨੇਡਾ ਵਿੱਚ ਰਹਿ ਰਹੇ ਅੰਤਰ ਰਾਸ਼ਟਰੀ ਗਰੈਜੂਏਟਅਤੇ ਕਾਮਿਆਂ ਲਈ
ਖੁਸ਼ਖ਼ਬਰੀ
ਕਨੇਡਾ ਸਰਕਾਰ ਨੇ ਕਨੇਡਾ ਵਿੱਚ ਰਹਿ ਰਹੇ 90,000 ਕਾਮਿਆਂ ਨੂੰ ਪੱਕੇ ਕਰਨ ਦਾ ਇਤਹਿਾਸਕ ਫੈਸਲਾ ਲਿਆ ਹੈ । ਜਿਹੜੇ ਕਾਮੇ ਪਿਛਲੇ ਇੱਕ ਸਾਲ ਤੋਂ ਕਨੇਡਾ ਸਰਕਾਰ ਵੱਲੋਂ ਪ੍ਰਵਾਨਿਤ ਕਿੱਤਿਆਂ ਵਿੱਚ ਕੰਮ ਕਰ ਰਹੇ ਹਨ ,ਉਹ ਇਸ ਫੈਸਲੇ ਦਾ ਫਾਇਦਾ ਉਠਾ ਸਕਦੇ ਹਨ। ਵਧੇਰੇ ਜਾਣਕਾਰੀ ਅਤੇ ਫਾਇਲ ਲਗਵਾਉਣ ਲਈ ਸਾਡੇ ਨਾਲ ਸੰਪਰਕ ਕਰੋ
SASKATOON, SK
Unit # 4 - 3000 Diefenbaker Dr, Saskatoon, SK S7L 7K2 (Near Superstore West)
REGINA, SK
Unit-1, 1428 Lorne St Regina SK S4R 2K4
Regulated Canadian Immigration Consultant, CEO Member of ICCRC

PEEL FINANCIAL
LEASING & FINANCE
Experts in
Commercial & Industrial Finance
Heavy Equipment Tranportation
ਪੀਲ ਫਾਇਨਾਂਸੀਅਲ ਵਾਲੇ ਹੀ ਤੁਹਾਨੂੰ ਬਣਾ ਸਕਦੇ ਨੇ ਹੈਵੀ ਡਿਊਟੀ ਟਰੱਕ ਟ੍ਰੈਲਰ, ਟਰੱਕ ਦੇ ਮਾਲਕ
Jatinder Gill
Jay@peelfinancial.ca
306 880 3869
(Winnipeg)
ਘੱਟ ਰੇਟ ਉੱਪਰ ਕੁਝ ਹੀ ਮਿੰਟਾਂ ਵਿੱਚ ਟਰੱਕ ਲੋਨ ਦੀ ਅਪਰੂਵਲ ਲਵੋ।
Davinder Gill
Lease Account Manager
dave@peelfinancial.ca
306 490 2205

ਪੁਰਾਣੀ ਕਾਰ ਘਰੋਂ ਚੁੱਕਵਾਓ-ਵਧੀਆ ਡਾਲਰ ਜੇਬ ਵਿੱਚ ਪਾਓ
ਡਾਲੇ ਵਾਲੇ ਗਿੱਲ ਭਰਾਵਾਂ ਦੀਆਂ ਸੇਵਾਵਾਂ ਤੁਹਾਡੀ ਸੇਵਾ ਵਿੱਚ
BLACK DIAMOND
Auto Parts & Recycling
We sell quality used Auto Parts for Cars, Trucks and Vans
We Buy Scrap Cars
#2, 168 Street W
Black Diamond, AB
www.RetireMyCar.com
Ph: 403-561-0126
Ph: 403-999-0127
ਇੰਜਣ, ਟਰਾਂਸਮਿਸ਼ਨ, ਟਾਇਰ ਗੱਲ ਕੀ ਹਰ ਕਿਸਮ ਦੀਆਂ ਗੱਡੀਆ ਦੇ ਹਰ ਕਿਸਮ ਦੇ ਸਪੇਅਰ ਪਾਰਟਸ ਅਤੇ ਨਵੀਂ ਨਕੋਰ ਲੁੱਕ ਵਾਲੀਆ ਪੁਰਾਣੀਆਂ ਕਾਰਾਂ ਤੁਹਾਡੇ ਬੱਜਟ ਅਨੁਸਾਰ ਲਵੋ।
ਰਾਜ ਗਿੱਲ ਨੂੰ ਫੋਨ ਘੁੰਮਾਓ - ਝੱਟ ਕਾਰ ਦੇ ਮਾਲਕ ਬਣ ਜਾਓ

A-Class Auto Body Ltd. Now Operating as
FIX AUTO CALGARY NORTH EAST
Complete Collison Repairs & Painting
ਆਟੋ ਬਾਡੀ ਦੇ ਤਸੱਲੀਬਖਸ਼ ਕੰਮ ਗਰੰਟੀ ਦੇ ਨਾਲ ਵਾਜਬ ਦਾਮ 'ਤੇ ਕਰਵਾਉਣ ਲਈ ਜ਼ਰੂਰ ਆਓ।
Mike Randev
R.Gill
Tel : (403) 273-8889
Fax : (403) 273-8812
Insurance Claims
Courtesy Cars
All Work Guaranteed
720 Moraine Road NE, Calgary, AB, T2A 2P3
Email: aclass@aclassautobady.ca

# ਨੋਟਰੀ ਦਾ ਲਾਇਸੈਂਸ ਤਾਂ 2016 ਵਿੱਚ ਹੀ ਰੱਦ ਹੋ ਗਿਆ ਸੀ ਪਰ ਉਹ ਲੋਕਾਂ ਦੇ ਐਂਵੇਂ ਈ ਠੱਪੇ ਲਗਾਈ ਗਿਆ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਦੇ ਰਹਿਣ ਵਾਲੇ ਇੱਕ ਵਿਅਕਤੀ ਨੂੰ ਨੋਟਰੀ ਦੇ ਰੂਪ ਵਿੱਚ 5 ਸਾਲਾਂ ਤੋਂ ਜਾਅਲੀ ਤੇ ਗ਼ਲਤ ਕੰਮ ਕਰਦੇ ਰਹਿਣ ਕਰਕੇ ਕਾਬੂ ਕਰਕੇ ਉਸ ਵਿਰੁੱਧ ਚਾਰਜਿਜ਼ ਲਗਾਏ ਜਾਣ ਦੀ ਖ਼ਬਰ ਹੈ। ਭਾਰਤੀ ਮੂਲ ਦੇ ਕਿਸ਼ੋਰ ਕੁਮਾਰ ਲਲਵਾਨੀ ਦਾ ਨੋਟਰੀ ਲਾਇਸੰਸ ਸਾਲ 2016 ਵਿੱਚ ਰੱਦ ਕਰ ਦਿੱਤਾ ਗਿਆ ਸੀ ਪਰ ਇਸ ਦੇ ਬਾਵਜੂਦ ਉਹ ਲੋਕਾਂ ਦੇ ਦਸਤਾਵੇਜ਼ ਨੋਟੇਰਾਇਜ਼ ਕਰਦਾ ਆ ਰਿਹਾ ਸੀ। ਕੈਲਗਰੀ ਪੁਲਿਸ ਦੇ ਐਕਨੌਮਿਕ ਕ੍ਰਾਇਮਜ਼ ਯੂਨਿਟ ਦੇ ਸਟਾਫ਼ ਸਾਰਜੰਟ ਜਿਔਫ਼ ਗਾਉਲਿੰਸਕੀ ਦਾ ਕਹਿਣਾ ਹੈ ਕਿ ਲੰਬੀ ਚੱਲੀ ਜਾਂਚ ਵਿੱਚ ਐਡਮੰਟਨ ਅਤੇ ਕੈਲਗਰੀ ਕ੍ਰਾਉਨ ਪ੍ਰੌਸਿਕਿਉਸ਼ਨ ਦਫ਼ਤਰਾਂ ਦਾ ਸਹਿਯੋਗ ਰਿਹਾ। ਇਕ ਜੋੜੇ ਵੱਲੋਂ ਸ਼ੱਕ ਦੇ ਅਧਾਰ 'ਤੇ ਕੀਤੀ ਗਈ ਸ਼ਿਕਾਇਤ ਮਗਰੋਂ ਕਿਸ਼ੋਰ ਕੁਮਾਰ ਲਲਵਾਨੀ ਪੁਲਿਸ ਦੇ ਅੜਿਕੇਂ ਆ ਹੀ ਗਿਆ। ਹੁਣ ਅਦਾਲਤਾਂ ਦੇ ਗੇੜੇ ਵੱਜਣਗੇ

# ਤਿੰਨ ਦਿਨਾਂ ਫੀਲਡ ਹਾਕੀ ਕੱਪ ਹੋਇਆ ਸ਼ਾਨੋ-ਸ਼ੌਕਤ ਨਾਲ ਸਮਾਪਤ

## ਸੁਰਿੰਦਰਾ ਲਾਇਨਜ਼ ਨੇ ਯੁਨਾਈਟਿਡ ਨੂੰ ਹਰਾਕੇ ਦੂਜੀ ਵਾਰ ਅਲਬਰਟਾ ਕੱਪ ਜਿੱਤਿਆ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਯੁਨਾਈਟਿਡ ਫੀਲਡ ਹਾਕੀ ਕੈਲਗਰੀ ਵੱਲੋਂ ਸਪਾਂਸਰ ਵੀਰਾਂ ਦੇ ਸਹਿਯੋਗ ਨਾਲ ਬੀਤੀ 3,4 ਅਤੇ 5 ਸਤੰਬਰ ਨੂੰ ਕੈਲਗਰੀ ਦੇ ਜੈਨੇਸਿਸ ਸੈਂਟਰ ਵਿਖੇ ਪੰਜਵੇਂ ਅਲਬਰਟਾ ਫੀਲਡ ਹਾਕੀ 2021 ਦੌਰਾਨ 23 ਟੀਮਾਂ ਨੇ ਹਿੱਸਾ ਲਿਆ । ਅੰਡਰ 13 ਮੁਕਾਬਲਿਆਂ ਵਿੱਚੋਂ ਯੁਨਾਈਟਿਡ ਪਹਿਲੇ ਅਤੇ ਮੈਨੀਟੋਬਾ ਰੋਵਰਜ਼ ਦੂਜੇ ਸਥਾਨ ਤੇ ਰਹੀ। ਅੰਡਰ 16 ਮੁਕਾਬਲੇ ਵਿੱਚੋਂ ਵਿਨੀਪੈਗ ਰੋਵਰਜ਼ ਪਹਿਲੇ ਅਤੇ ਯੁਨਾਈਟਿਡ ਦੂਜੇ ਸਥਾਨ ਉੱਪਰ ਪੁੱਜੀ। ਅੰਡਰ 19 ਦੇ ਮੁਕਾਬਲਿਆਂ ਵਿੱਚ ਗੋਬਿੰਦ ਸਰਵਰ ਨੇ ਐਡਮੰਟਨ ਨੂੰ 4-1 ਦੇ ਫਰਕ ਨਾਲ ਹਰਾਇਆ। ਔਰਤਾਂ ਦੇ ਮੁਕਾਬਲਿਆਂ ਵਿੱਚ ਯੁਨਾਈਟਿਡ ਨੇ ਵਿਨੀਪੈਗ ਨੂੰ 3-0 ਦੇ ਫਰਕ ਨਾਲ ਹਰਾਇਆ। ਮਰਦਾਂ ਦੇ ਮੁਕਾਬਲਿਆਂ ਵਿੱਚ ਸੁਰਿੰਦਰ ਲਾਇਨਜ਼ ਨੇ ਯੁਨਾਈਟਿਡ ਨੂੰ ਹਰਾਕੇ ਦੂਸਰੀ ਵਾਰ ਅਲਬਰਟਾ ਕੱਪ ਜਿੱਤਿਆ। ਪਾਰੂ ਯੂ ਐਸ ਏ ਇਸ ਟੂਰਨਾਂਮੈਂਟ ਦਾ ਬੈਸਟ ਪਲੇਅਰ ਚੁਣਿਆ ਗਿਆ। ਦਰਸਕਾਂ ਦੀ ਹਾਜਰੀ ਬਰਕਰਾਰ ਰੱਖਣ ਲਈ ਦਿਲਖਿਚਵੇਂ ਲੱਕੀ ਡਰਾਅ ਦੌਰਾਨ ਇੰਡੀਆ ਦੀ ਟਿਕਟ ਸ਼ਾਨ ਬਰਾੜ ਅਤੇ ਜੀ ਐਸ ਮਾਨ ਵੱਲੋਂ ਸਪਾਂਸਰ 55 ਇੰਚ ਦਾ ਟੀ ਵੀ ਨਾਮੀ ਮਰਵਾਹਾ ਨੂੰ ਨਿਕਲਿਆ । ਪਰਬੰਧਕੀ ਟੀਮ ਮਨਦੀਪ ਝੱਲੀ, ਕਿਰਪਾਲ ਸਿੱਧੂ, ਪ੍ਰਧਾਨ ਯਾਦੂ,ਕੰਵਲ ਢਿੱਲੋਂ,ਕੁਵੰਤ ਬਰਾੜ, ਹਰਪਵਨ ਪਲਾਹਾ,ਧਰਮਾਂ, ਬੱਬੀ ਬਰਾੜ, ਜੱਗਾ ਲੋਪੋ,ਜਤਿੰਦਰ ਸਹੇੜੀ, ਪਾਲੀ ਵਿਰਕ ਹੋਰੀ ਅਜਿੇ ਚੰਗੇ ਉਪਰਾਲੇ ਲਈ ਵਧਾਈ ਦੇ ਹੱਕਦਾਰ ਹਨ।



ਕਿੰਗਜ਼ ਅਲੈਵਨ ਹਾਕੀ ਕਲੱਬ ਵੱਲੋਂ ਦੋ ਦਿਨਾਂ ਫੀਲਡ ਹਾਕੀ ਟੂਰਨਾਂਮੈਂਟ ਕੈਲਗਰੀ ਦੇ ਜੈਨੇਸਿਸ ਸੈਂਟਰ ਦੀਆਂ ਗਰਾਊਂਡਾਂ ਵਿੱਚ ਕਰਵਾਏ ਗਏ

SSSS IMMIGRATION SERVICES
www.ssssimmigration.com
iccrc crcic
SERVICES
LMIA APPROVALS, EXPRESS ENTRY
INVESTOR & BUSINESS CLASS
SKILLED WORKER & FAMILY CLASS
STUDENT VISA & WORK PERMIT
PNP (ALL PROVINCES)
PR CARD & CITIZENSHIP
GREAT OPPORTUNITY
FOR STUDENTS
& POST GRADUATE
WORK PERMIT HOLDERS
HEAD OFFICE
Ph: 403 351 5355
Fax: 403 789 8222
116, 3770 Westwinds Dr NE Calgary AB T3J 5H3
info@ssssimmigration.com

PUNJAB LAND DOCUMENTS WRITER & SERVICES PROVIDER (REGD.)
ਕੈਨੇਡਾ ਬੈਠਿਆਂ ਹੀ ਹੁਣ ਤੁਸੀਂ ਆਪਣੇ ਪੰਜਾਬ ਨਾਲ ਸਬੰਧਿਤ ਇਹੋ ਜਿਹੇ ਕੰਮ ਕਰਵਾ ਸਕਦੇ ਹੋ।
1. ਜ਼ਮੀਨਾਂ ਦੀ ਜਮਾਂਬੰਦੀ ਪ੍ਰਾਪਤ ਕਰੋ, ਮਾਲਕੀ, ਗਿਰਦਾਵਰੀ, ਫਰਦ ਨਾਲ ਛੇੜਛਾੜ ਦੇਖੋ, ਰਕਬਾ ਕੱਢਿਆ ਜਾਂਦਾ ਹੈ।
2. ਜ਼ਮੀਨ ਟਰਾਂਸਫਰ, ਤਕਸੀਮ, ਕੇਸ ਪੈਰਵੀ, ਮੋਟਰ ਕੁਨੈਕਸਨ, ਵਸੀਅਤ (Wills), ਮੁਖਤਿਆਰਨਾਮੇ (Attorney) ਕਿਰਾਏਨਾਮਾ, ਭੌਂ ਮਾਮਲਾ, ਤਬਾਦਲਾ, ਜ਼ਮੀਨੀ ਹੱਕ ਆਦਿ।
3. ਜ਼ਮੀਨ ਮਾਲਕ ਦੀ ਮੌਤ ਪਿੱਛੋਂ ਵਰਾਸਤ, ਕਿਸੇ ਕਿਸਮ ਦੇ ਇੰਤਕਾਲ (Mutation), ਨਾਮ ਕਰਵਾਉਣਾ।
4. ਫੈਮਿਲੀ ਵੰਡ, ਹਲਫੀਆ ਬਿਆਨ, ਅਥਾਰਟੀ ਲੈਟਰ, ਫਰਦ ਬਦਰ (ਸੋਧ), ਗਿਰਦਾਵਰੀ ਦਰੁਸਤੀ, ਵਾਰਸ ਸਰਟੀਫਿਕੇਟ, Pan Card, ਪੈਨ ਕਾਰਡ, ਬੈਂਕਾਂ ਸਬੰਧੀ, ਕਿਸੇ ਮਹਿਕਮੇ ਦੇ N.R.I (ਥਾਣੇ) ਸ਼ਿਕਾਇਤ ਦਰਖਾਸਤਾਂ।
5. ਜ਼ਮੀਨ (ਪ੍ਰਾਪਰਟੀ) ਸਬੰਧੀ ਕੋਈ ਮਸਲਾ-ਝਮੇਲਾ, ਕਬਜਾ, ਅਦਾਲਤੀ ਕੇਸ, ਦਾਜ ਦਹੇਜ, ਜਨਮ ਤੇ ਮੈਰਿਜ ਸਰਟੀਫਿਕੇਟ।
6. ਕਿਸੇ ਤਹਿਸੀਲ, ਦਫ਼ਤਰ ਜਾਂ ਅਦਾਲਤ ਦਾ ਰਿਕਾਰਡ ਲੈਣਾ ਜ਼ਮੀਨੀ ਨਕਸ਼ੇ ਲੈਣੇ।
7. ਜ਼ਮੀਨਾਂ ਦੇ ਦਸਤਾਵੇਜਾਂ ਬਾਰੇ ਰੈ-ਮਸ਼ਵਰਾ, ਧੋਖਾ ਧੜੀ, ਅਦਾਲਤੀ ਸਟੇਅ ਆਦਿ।
8. ਪ੍ਰਾਪਰਟੀ ਵੇਚਣ-ਖਰੀਦਣ ਲਈ, (ਸਿਰਫ ਜਿਲਾ ਲੁਧਿਆਣਾ, ਮੋਗਾ, ਬਰਨਾਲਾ) ਜ਼ਮੀਨਾਂ ਕੈਨੇਡਾ ਬੈਠੇ ਖਰੀਦੋ ਅਤੇ ਨਾਮ ਕਰਵਾਓ।
Office: 6105 Saddlehorn Dr NE Calgary (AB)
A.S.Toor (Documents Writer)
ਅਵਤਾਰ ਸਿੰਘ ਤੂਰ (ਡਾਕੂਮੈਂਟਸ ਰਾਈਟਰ)
587-581-1313
ਈ ਮੇਲ: avtartoor1961@gmail.com
ਤੁਸੀਂ ਖੁਦ ਪੰਜਾਬ ਜਾਕੇ ਦਫਤਰਾਂ ਦੀ ਖੱਜਲ-ਖੁਆਰੀ ਤੋਂ ਬਚਣ ਲਈ, ਆਪਣਾ ਕੀਮਤੀ ਸਮਾਂ ਬਚਾਉਂਦੇ ਹੋਏ ਕੈਲਗਰੀ ਵਿਖੇ ਸਾਡੇ ਦਫਤਰ ਨਾਲ ਸੰਪਰਕ ਕਰੋ।
ਡਾਕੂਮੈਂਟਸ ਇੰਡੀਆ ਰੂਲਜ ਮੁਤਾਬਿਕ ਇੱਥੇ (ਕੈਨੇਡਾ) ਵਿਖੇ ਹੀ ਲਿਖੇ ਜਾਂਦੇ ਹਨ।
All kinds of mobile and immobile properties documents are written and prepared here.
EXPERIENCE FOR 35 YEARS CIVIL COURT IN JAGRAON (LDH) PB.

WARD TIRECRAFT
COMMERCIAL
AGRICULTURE PASSENGER
HD ALIGNMENT
CERTIFIED SGI INSPECTION STATION
ਜਾਨਦਾਰ ਤੇ ਵਜਨਦਾਰ ਨਵੇਂ ਟਾਇਰ ਖਰੀਦਣ ਲਈ ਸਾਡੇ ਸਟੋਰ ਤੇ ਆਉ
Enjoy Greater Vehicle Performance With Our Wide Selection of Quality Tires From Leading Brands!
Free Installation & Balance on set of 4
10% OFF — 10% off on semi truck alignment when you buy 2 new steer tires.
FREE SERVICES — Free installation and balancing with purchase of 4 passenger tires
CALL TODAY FOR AN ESTIMATE!
(306) 230-9025, (306) 715-8716
801 - 48th Street East, Saskatoon, SK S7K 0X5
www.wardtires.com
UNIROYAL Laufenn Hankook GENERAL TIRE BFGoodrich COOPER TIRES TOYO TIRES MICHELIN HERCULES TIRES GOODYEAR BRIDGESTONE FALKEN GT RADIAL Firestone Continental YOKOHAMA KUMHO TIRE PIRELLI

SUPERVISA INSURANCE
RESP & RRSP
CRITICAL ILLNESS INSURANCE
LIFE INSURANCE
MORTGAGE INSURANCE
TRAVEL INSURANCE
Punjab Insurance Inc
"Your Local Insurance Advisor"
VISITOR INSURANCE
ਘਰ ਬੈਠੇ ਹੀ ਆਨ ਲਾਈਨ ਸੇਵਾਵਾਂ ਵੀ ਲੈ ਸਕਦੇ ਹੋ
90 DAYS NEW IMMIGRANT INSURANCE
NAVDEEP JASWAL
Financial Advisor
403 909 4141

INDIA PALACE
Restaurant & Sweets
ਤੁਹਾਡੇ ਏਰੀਏ ਵਿੱਚ ਈਸਟ ਇੰਡੀਅਨ ਰੈਸਟੋਰੈਂਟ ਜਿੱਥੇ ਤੁਸੀਂ ਸਵਾਦੀ ਖਾਣੇ ਤਾਜੇ ਸਮੋਸੇ, ਗੋਲਗੱਪੇ, ਚਾਟ ਬਗੈਰਾ ਅਤੇ ਤਾਜ਼ੀਆਂ ਮਠਿਆਈਆਂ ਦੇ ਨਾਲ-ਨਾਲ ਮਸਾਲਾ-ਡੋਸਾ ਅਤੇ ਇਡਲੀ ਸਾਂਬਰ ਆਦਿ ਦਾ ਆਨੰਦ ਮਾਣ ਸਕਦੇ ਹੋ।
ਮੱਕੀ ਦੀ ਰੋਟੀ ਸਰੋਂ ਦਾ ਸਾਗ
We do Catering for all Occasions Call us for Advance Booking!
Lunch Special : 7 Days A Week
10% OFF for Catering only
Now We Open 7 Days a week
Ph : 403-285-3097
Cell : 403-870-3227
Bay #10, 5700, Falsbridge Dr. N.E Calgary, T3J 3H4

Punjabi Chulha ਪੰਜਾਬੀ ਚੁੱਲ੍ਹਾ
Restaurant & Sweet Shop
We Do Take-Out & Catering For All Events
ਫੋਨ ਆ ਗਿਆ ਕਿ ਘਰ ਪ੍ਰਾਹੁਣੇ ਆ ਰਹੇ ਨੇ ਐਵੇ ਨਾ ਡਰੋ!
"ਪੰਜਾਬੀ ਚੁੱਲੇ" ਦੇ ਖਾਣਿਆਂ ਨਾਲ ਮਹਿਮਾਨਾ ਦੀ ਆਓ ਭਗਤ ਕਰੋ!
ਦਿਲ ਚਾਹੇ ਉੱਥੇ ਬੈਠ ਕੇ ਖਾਓ-ਦਿਲ ਚਾਹੇ ਘਰ ਲੈ ਜਾਓ!
ਆਪਣੇ ਘਰ ਵੇਲਣੇ ਨੂੰ ਛੁੱਟੀ, ਬੱਸ ਵੇਲਣੇ ਦੀ ਥਾਂ ਫੋਨ ਘੁਮਾਓ!
ਪੰਜਾਬੀ ਚੁੱਲ੍ਹਾ ਰੈਸਟੋਰੈਂਟ
ਕੈਲਗਰੀ ਸਕਾਈਵਿਊ ਦੇ ਰੈਡ ਸਟੋਨ ਏਰੀਆ ਵਿੱਚ ਖੁੱਲ ਗਿਆ ਹੈ।
83 Martindale Blvd NE Calgary, AB T3J 3M7
P: 403-453-9000 / C:403-477-5142

## ਸੰਪਾਦਕੀ



ਸਮਾਂ ਚਾਹੇ ਕਿੰਨਾਂ ਵੀ ਬੁਰਾ ਹੋਵੇ ਬਦਲਦਾ ਜ਼ਰੂਰ ਹੈ।

# ਭਾਰਤ ਤੇ ਆਸਟਰੇਲੀਆ ਦੇ ਸਾਂਝੇ ਸਰੋਕਾਰ

ਭਾਰਤ ਅਤੇ ਆਸਟਰੇਲੀਆ ਵਿਚਾਲੇ ਰੱਖਿਆ ਅਤੇ ਰਣਨੀਤਕ ਸਬੰਧਾਂ ਨੂੰ ਹੋਰ ਮਜ਼ਬੂਤ ਬਣਾਉਣ ਦਾ ਸੰਕਲਪ ਦੋਨਾਂ ਮੁਲਕਾਂ ਦੀਆਂ ਚਿੰਤਾਵਾਂ ਨੂੰ ਦੱਸਦਾ ਹੈ। ਇਸ ਲਈ ਭਵਿੱਖ ਵਿੱਚ ਰਣਨੀਤਕ ਰਿਸ਼ਤਿਆਂ ਨੂੰ ਹੱਲਾਸ਼ੇਰੀ ਦੋਨਾਂ ਹੀ ਦੇਸ਼ਾਂ ਦੇ ਹਿੱਤ ਵਿੱਚ ਹੋਵੇਗਾ। ਖਾਸ ਗੱਲ ਇਹ ਹੈ ਕਿ ਦੋਨੋਂ ਦੇਸ਼ਾਂ ਵਿਚਾਲੇ ਰੱਖਿਆ ਅਤੇ ਵਿਦੇਸ਼ ਮੰਤਰੀਆਂ ਵਿਚਾਲੇ ਇਕੱਠਿਆਂ ਵਾਰਤਾ ਭਾਵ ਟੂ ਪਲੱਸ ਟੂ ਦੀ ਗੱਲਬਾਤ ਪਹਿਲੀ ਵਾਰ ਹੋਈ ਹੈ। ਉਂਝ ਤਾਂ ਇਸ ਵਾਰਤਾ ਦੇ ਮੁੱਖ ਬਿੰਦੂ ਅੱਤਵਾਦ ਅਤੇ ਹਿੰਦ-ਪ੍ਰਸ਼ਾਦ ਖੇਤਰ ਰਹੇ, ਪਰ ਅਫਗਾਨਿਸਤਾਨ ਦੇ ਮੌਜੂਦਾ ਹਾਲਾਤ 'ਤੇ ਵੀ ਦੋਨਾਂ ਦੇਸ਼ਾਂ ਨੇ ਆਪਣੀਆਂ ਚਿੰਤਾ ਪ੍ਰਗਟ ਕੀਤੀ ਗਈ। ਅਜਿਹਾ ਨਹੀਂ ਹੈ ਕਿ ਇਹ ਮੁੱਦੇ ਸਿਰਫ ਇਨ੍ਹਾਂ ਦੋਨਾਂ ਦੇਸ਼ਾਂ ਨੂੰ ਹੀ ਪ੍ਰਭਾਵਿਤ ਕਰ ਰਹੇ ਹਨ, ਬਲਕਿ ਇਨ੍ਹਾਂ ਦਾ ਸਰੋਕਾਰ ਦੂਜੇ ਦੇਸਾਂ ਨਾਲ ਵੀ ਹੈ। ਇਸ ਲਈ ਦੂਹਰੇ ਪ੍ਰਤੀਨਿਧੀ ਮੰਡਲ ਪੱਧਰ ਦੀਆਂ ਵਾਰਦਾਤਾਂ ਦਾ ਮਹੱਤਵ ਕਿਧਰੇ ਜ਼ਿਆਦਾ ਵਧ ਗਿਆ ਹੈ। ਪਿਛਲੇ ਸਾਲ ਜਦੋਂ ਜੂਨ ਵਿੱਚ ਭਾਰਤ ਅਤੇ ਆਸਟਰੇਲੀਆ ਦੇ ਪ੍ਰਧਾਨ ਮੰਤਰੀਆਂ ਨੇ ਗੱਲ ਕੀਤੀ ਸੀ ਉਦੋਂ ਅਜਿਹੀਆਂ ਵਾਰਤਾਵਾਂ ਦੇ ਦੌਰ ਸ਼ੁਰੂ ਕਰਨ 'ਤੇ ਸਹਿਮਤੀ ਬਣੀ ਸੀ। ਇਹ ਟੂ ਪਲੱਸ ਟੂ ਵਾਰਤਾ ਉਸੇ ਕੜੀ ਵਿੱਚ ਹੈ। ਇਸ ਬੈਠਕ ਦੀ ਅਹਿਮੀਅਤ ਇਸ ਲਈ ਵੀ ਵਧ ਗਈ ਹੈ ਕਿ ਭਾਰਤ ਅਦੇ ਆਸਟਰੇਲੀਆ ਦੋਨੋਂ ਹੀ ਕਵਾਡ ਸਮੂਹ ਦੇ ਮੈਂਬਰ ਹਨ। ਸਮੂਹ ਦੇ ਬਾਕੀ ਦੋ ਮੈਂਬਰ ਅਮਰੀਕਾ ਅਤੇ ਜਪਾਨ ਹਨ। ਇਸ ਮਹੀਨੇ ਦੇ ਅੰਤ ਵਿੱਚ ਅਮਰੀਕਾ ਦੇ ਕਵਾਡ ਸਮੂਹ ਦੇ ਨੇਤਾਵਾਂ ਦੀ ਬੈਠਕ ਵੀ ਹੋਣ ਵਾਲੀ ਹੈ। ਦੇਖਿਆ ਜਾਵੇ ਤਾਂ ਚੀਨ ਕਵਾਡ ਦੇਸ਼ਾਂ ਦੇਲਈ ਚੁਣੌਤੀ ਬਣਿਆ ਹੋਇਆ ਹੈ। ਅਮਰੀਕਾ ਦੇ ਨਾਲ ਲੰਬੇ ਸਮੇਂ ਤੋਂ ਵਪਾਰਕ ਯੁੱਧ ਨੇ ਇਸ ਟਕਰਾਓ ਨੂੰ ਵਧਾਇਆ ਹੈ। ਜਪਾਨ ਦੇ ਨਾਲ ਦੀਪਾਂ ਉਤੇ ਕਬਜ਼ੇ ਨੂੰ ਲੈ ਕੇ ਚੀਨ ਨਾਲ ਵਿਵਾਦ ਚਲ ਹੀ ਰਹੇ ਹਨ। ਚੀਨ ਨੇ ਪਿਛਲੇ ਸਾਲ ਆਸਟਰੇਲੀਆ ਨਾਲ ਹੋਣ ਵਾਲੇ ਦਰਾਮਦ ਉਤੇ ਭਾਰੀ ਡਿਊਟੀ ਲਗਾ ਦਿੱਤੀ ਸੀ, ਉਸ ਨਾਲ ਦੋਨਾਂ ਦੇਸ਼ਾਂ ਵਿਚਾਲੇ ਤਣਾਓ ਪੈਦਾ ਹੋ ਗਿਆ ਹੈ। ਜਿਥੋਂ ਤੱਕ ਸਵਾਲ ਹੈ ਭਾਰਤ ਅਤੇ ਚੀਨ ਦੇ ਰਿਸ਼ਤਿਆਂ ਦਾ, ਤਾਂ ਇਹ ਕਿਸੇ ਤੋਂ ਲੁਕਿਆ ਨਹੀਂ ਹੈ। ਚੀਨ ਨੇ ਪੂਰਬੀ ਲੱਦਾਖ ਦੀ ਗਲਵਾਨ ਘਾਟੀ ਵਿੱਚ ਭਾਰਤੀ ਫੌਜੀਆਂ ਉਤੇ ਹਮਲਾ ਕਰ ਕੇ ਸੀਮਾ ਵਿਵਾਦ ਨੂੰ ਹੋਰ ਵਧਾਇਆ ਹੀ ਹੈ। ਫਿਰ ਦੱਖਣੀ ਚੀਨ ਸਾਗਰ ਨੂੰ ਲੈ ਕੇ ਹਿੰਦ ਮਹਾਸਾਗਰ ਤੱਕ ਚੰਲ ਦੀ ਵਿਸਥਾਰਵਾਦੀ ਨੀਤੀਆਂ ਨੇ ਅਮਰੀਕਾ ਸਣੇ ਦਈ ਦੇਸ਼ਾਂ ਦੀ ਨੀਂਦ ਉਡਾ ਦਿੱਤੀ ਹੈ। ਇਹ ਖਤਰਾ ਭਾਰਤੀ ਦੇ ਲਈ ਵੀ ਘੱਟ ਗੰਭੀਰ ਨਹੀਂ ਹੈ। ਇਸ ਲਈ ਕਵਾਡ ਸਮੂਹ ਦੇ ਮੈਂਬਰ ਦੇਸ਼ਾ ਦੀਆਂ ਬੈਠਕਾਂ ਵਿੱਚ ਚਿੰਤਾ ਦਾ ਵੱਡਾ ਕੇਂਦਰ ਹਿੰਦ ਪ੍ਰਸ਼ਾਂਤ ਖੇਤਰ ਬਣਿਆ ਹੋਇਆ ਹੈ। ਹਾਲ ਹੀ ਵਿੱਚ ਚੀਨ ਨੇ ਦੱਖਣੀ ਚੀਨ ਸਾਗਰ ਵਿੱਚ ਨਵੇਂ ਸ਼ਿਪਿੰਗ ਨਿਯਮ ਲਾਗੂ ਕਰ ਦਿੱਤੇ ਹਨ। ਜਾਹਿਰ ਹੈ ਕਿ ਇਹ ਕਈ ਦੇਸ਼ਾਂ ਨੂੰ ਇਹ ਨਿਯਮ ਠੀਕ ਨਹੀਂ ਲੱਗ ਰਹੇ। ਭਾਰਤ ਦੇ ਲਈ ਵੀ ਇਸ ਤੋਂ ਮੁਸ਼ਕਿਲਾਂ ਪੈਦਾ ਹੋਣਗੀਆਂ। ਇਸ ਲਈ ਕਵਾਡ ਦੀ ਤਰਜ਼ੀਹ ਹੁਣ ਹਿੰਦ ਪ੍ਰਸ਼ਾਂਤ ਖੇਤਰ ਵਿੱਚ ਕੌਮਾਂਤਰੀ ਨਿਯਮਾਂ ਦੇ ਅਨੁਸਾਨ ਸ਼ਿਪਿੰਗ ਸੰਚਾਲਨ ਨਿਸ਼ਚਿਤ ਕਰਨ ਦੀ ਹੈ, ਤਾਂ ਕਿ ਸਮੁੰਦਰੀ ਜਲ ਖੇਤਰ 'ਤੇ ਵੀ ਸਾਰੇ ਦੇਸ਼ਾਂ ਦਾ ਬਰਾਬਰ ਦਾ ਅਧਿਕਾਰ ਬਣਿਆ ਰਹੇ। ਸਮਝਿਆ ਇਹ ਵੀ ਜਾਣਾ ਚਾਹੀਦਾ ਕਿ ਭਾਰਤ ਅਤੇ ਆਸਟਰੇਲੀਆ ਜਿਹੇ ਸਹਿਯੋਗੀਆਂ ਦੇ ਬਿਨਾ ਅਮਰਕੀਾ ਦੇ ਲਈ ਚੀਨ ਦੇ ਵਧਦੇ ਕਦਮਾਂ ਨੂੰ ਰੋਕ ਸਕਣਾ ਆਸਾਨ ਨਹੀਂ ਹੈ। ਇਸ ਲਈ ਭਾਰਤ ਅਤੇ ਆਸਟਰੇਲੀਆ ਦੀ ਭੂਮਿਕਾ ਜ਼ਿਆਦਾ ਮਹੱਤਵਪੂਰਨ ਹੋ ਗਈ ਹੈ। ਦੋਨਾਂ ਦੇਸ਼ਾਂ ਦੇ ਲਈ ਅਫਗਾਨਿਸਤਾਨ ਦਾ ਮੁੱਦਾ ਵੀ ਬਰਾਬਰ ਦੇ ਰੂਪ ਮਹੱਤਵਪੂਰਨ ਹੈ। ਉਥੇ ਵੀ ਚੀਨ ਕੇਂਦਰੀ ਭੂਮਿਕਾ ਵਿੱਚ ਹੈ। ਤਾਲਿਬਾਨ ਦੇ ਕਬਜ਼ੇ ਦੇ ਬਾਅਦ ਜ਼ਿਆਦਾਤਰ ਦੇਸ਼ ਅੱਤਵਾਦ ਵਧਣ ਨੂੰ ਲੈ ਕੇ ਸ਼ੰਕਿਆਂ ਵਿੱਚ ਹਨ। ਅਜਿਹੇ ਵਿੱਚ ਭਾਰਤ ਅਤੇ ਆਸਟਰੇਲੀਆ ਵਿਚਾਲੇ ਰਣਨੀਤਕ ਅਤੇ ਰੱਖਿਆ ਸਹਿਯੋਗ ਵਧਣਾ ਸਮੇਂ ਦੀ ਲੋੜ ਮੰਨੀ ਜਾ ਸਕਦੀ ਹੈ। ਭਾਰਤ ਚਾਹੁੰਦਾ ਹੈ ਕਿ ਆਸਟਰੇਲੀਆ ਦੀ ਰੱਖਿਆ ਖੇਤਰ ਦੀ ਕੰਪਨੀਆਂ ਇਥੇ ਆ ਕੇ ਨਿਵੇਸ਼ ਕਰਨ। ਪਿਛਲੇ ਕੁਝ ਸਾਲਾਂ ਵਿੱਚ ਦੋਨਾਂ ਦੇਸ਼ਾਂ ਵਿਚਾਲੇ ਮਹੱਤਵਪੂਰਨ ਰੱਖਿਆ ਅਤੇ ਫੌਜੀ ਸਮਝੌਤੇ ਵੀ ਹੋਏ ਹਨ। ਇਹ ਮੌਕਾ ਸਿਰਫ ਭਾਰਤ-ਆਸਟਰੇਲੀਆ ਰਿਸ਼ਤਿਆਂ ਨੂੰ ਮਜ਼ਬੂਤ ਕਰਨ ਦਾ ਹੀ ਨਹੀਂ, ਬਲਕਿ ਏਸ਼ੀਆਈ ਖੇਤਰ ਵਿੱਚ ਵੱਡੀ ਭੂਮਿਕਾ ਨਿਭਾਉਣ ਦਾ ਵੀ ਹੈ। ਤਾਂ ਹੀ ਖੇਤਰੀ ਅਤੇ ਕੌਮਾਂਤਰੀ ਚੁਣੌਤੀਆਂ ਦਾ ਸਾਹਮਣਾ ਕੀਤਾ ਜਾ ਸਕੇਗਾ।

**ਸੁਖਜਿੰਦਰ ਸਮਰਾ**
ਮੋ. 95835-92000

403 640 2000
punjabiakhbaar@gmail.com

This disclaimer informs the readers of 'the Punjabi Akhbaar' that the views, thoughts, and opinions expressed in the texts belong solely to their authors, and not necessarily to the author's employer, organization, committee or other group or individual, and the Editor and Publisher of this Newspaper. The concerned companies that advertise in this News Paper are responsible for the content, information, price, warranty, guaranty, quality etc. and not 'the Punjabi Akhbaar'. The Editor reserves the right to edit or not the articles, reports and/or news published herein.

-Editor

ਨੋਟ: "ਪੰਜਾਬੀ ਅਖ਼ਬਾਰ" ਵਿੱਚ ਛਪਣ ਵਾਲੀ ਸਮੱਗਰੀ ਵਿਚਲੇ ਵਿਚਾਰ ਉਹਨਾਂ ਦੇ ਲੇਖਕਾਂ ਦੇ ਹੀ ਸਮਝੇ ਜਾਣ , ਸੰਪਾਦਕ ਜਾਂ ਪਬਲਿਸ਼ਰ ਦਾ ਉਹਨਾਂ ਨਾਲ ਸਹਿਮਤ ਜਾਂ ਅਸਹਿਮਤ ਹੋਣਾ ਕੋਈ ਜਰੂਰੀ ਨਹੀਂ। "ਪੰਜਾਬੀ ਅਖ਼ਬਾਰ" ਵਿੱਚ ਛਪਦੇ ਇਸਤਿਹਾਰਾਂ ਸਬੰਧੀ , ਸਬੰਧਤ ਚੀਜਾਂ ਪ੍ਰਤੀ ਜਾਣਕਾਰੀ, ਕੀਮਤ, ਵਾਰੰਟੀ,ਕੁਆਲਿਟੀ, ਸਬੰਧੀ ਇਸਤਿਹਾਰ ਦੇਣ ਵਾਲੀ ਕੰਪਨੀ ਹੀ ਜਿੰਮੇਬਾਰ ਹੈ। 'ਪੰਜਾਬੀ ਅਖ਼ਬਾਰ' ਨੂੰ ਭੇਜੀ ਗਈ ਹਰ ਰਚਨਾਂ, ਰਿਪੋਰਟ, ਜਾਂ ਖਬਰ ਨੂੰ ਪ੍ਰਕਾਸਿਤ ਕਰਨ ਤੋਂ ਪਹਿਲਾਂ ਆਡਿਟ ਜਾਂ ਨਾ ਆਡਿਟ ਕਰਨ ਦਾ ਪੂਰਾ ਅਧਿਕਾਰ ਹੈ।

– ਸੰਪਾਦਕ

# ਇਹ ਕੈਸਾ ਪਰਜਾਤੰਤਰ ?

## ਹਰੇਕ ਸਰਕਾਰੀ ਅਹੁਦੇਦਾਰ ਲੋਕ ਸੇਵਕ ਹੁੰਦਾ ਹੈ



ਦਲੀਪ ਸਿੰਘ ਵਾਸਨ, ਐਡਵੋਕੇਟ
ਫੋਨ- 0175 5191856

ਸਾਡੇ ਸੰਵਿਧਾਨ ਵਿੱਚ ਇਹ ਗੱਲ ਸਾਫ ਸਾਫ ਲਿਖ ਦਿੱਤੀ ਗਈ ਹੈ ਕਿ ਇਸ ਮੁਲਕ ਦੀ ਮਾਲਕ ਇਸ ਮੁਲਕ ਦੀ ਜਨਤਾ ਹੈ ਅਤੇ ਬਾਕੀ ਜਿਤਨੇ ਵੀ ਸਰਕਾਰੀ ਅਹੁਦੇਦਾਰ ਹਨ ਉਹ ਲੋਕ ਸੇਵਕ ਹਨ, ਅਰਥਾਤ ਕੋਈ ਕਿਤਨਾ ਹੀ ਵੱਡਾ ਅਹੁਦੇਦਾਰ ਕਿਉਂ ਨਾ ਹੋਵੇ ਉਹ ਮੁਲਕ ਦਾ ਹਾਕਮ ਨਹੀਂ ਹੈ, ਲੋਕ ਸੇਵਕ ਹੀ ਰਹਿੰਦਾ ਹੈ। ਅਤੇ ਇਸੇ ਸਿਧਾਂਤ ਨੂੰ ਸਾਹਮਣੇ ਰੱਖਕੇ ਅਸੀਂ ਹਰੇਕ ਅਹੁਦੇਦਾਰ ਨੂੰ ਬਾਕਾਇਦਾ ਤਨਖਾਹ, ਮਹਿੰਗਾਈ ਭੱਤਾ, ਹੋਰ ਭਤੇ, ਮੈਡੀਕਲ ਅਲਾਉਂਸ, ਪੈਨਸ਼ਨ ਆਦਿ ਦਾ ਲਾਭ ਦਿੰਦੇ ਹਾਂ ਅਤੇ ਇਹ ਸਾਰਾ ਬੋਝ ਲੋਕਾਂ ਅਰਥਾਤ ਮੁਲਕ ਦੇ ਮਾਲਕਾਂ ਉੱਤੇ ਪੈਂਦਾ ਹੈ।

ਅਸੀਂ ਜਿਹੜੇ ਇਹ ਵਿਧਾਇਕ ਚੁਣਦੇ ਹਾਂ ਅਤੇ ਉਹ ਕੋਈ ਵੀ ਅਹੁਦਾ ਹਾਸਲ ਕਰ ਲੈਣ ਇਹ ਵੀ ਲੋਕਸੇਵਕ ਹਨ ਅਤੇ ਅਸੀਂ ਇੰਨ੍ਹਾਂ ਨੂੰ ਵੀ ਸਰਕਾਰੀ ਮੁਲਾਜਮਾਂ ਦੀ ਤਰ੍ਹਾਂ ਹੀ ਹਰੇਕ ਸਹੂਲਤ ਦੇ ਰਹੇ ਹਾਂ।

ਅਸੀਂ ਹਰ ਸੇਵਕ ਦੀ ਭਰਤੀ ਲਈ ਬਾਕਾਇਦਾ ਨਿਯਮ ਬਣਾ ਰੱਖੇ ਹਨ ਅਤੇ ਹਰੇਕ ਸਰਕਾਰੀ ਮੁਲਾਜਮ ਲਈ ਬਾਕਾਇਦਾ ਡਿਊਟੀਆਂ ਅਤੇ ਜਿਮੇਵਾਰੀਆਂ ਵੀ ਨਿਸਚਿਤ ਕਰ ਰੱਖੀਆਂ ਹਨ ਅਤੇ ਬਾਕਾਇਦਾ ਨਿਗਰਨੀ ਰੱਖੀ ਜਾਂਦੀ ਹੈ ਕਿ ਉਹ ਸਹੀ ਕੰਮ ਕਰ ਰਿਹਾ ਹੈ ਜਾਂ ਗਲਤੀਆਂ ਕਰਦਾ ਹੈ ਅਤੇ ਗਲਤੀਆਂ ਦੀ ਬਾਕਾਇਦਾ ਸਜਾ ਵੀ ਦਿੱਤੀ ਜਾਂਦੀ ਹੈ। ਪਰ ਅਫਸੋਸ ਇਸ ਗੱਲ ਉਤੇ ਹੈ ਕਿ ਅੱਜ ਤੱਕ ਅਸਾਂ ਵਿਧਾਇਕਾਂ ਲਈ ਕੋਈ ਵੀ ਡਿਊਟੀ ਚਾਰਟ ਨਹੀਂ ਬਣਾਇਆ ਅਤੇ ਨਾ ਹੀ ਕਦੀ ਕਿਸੇ ਵਿਧਾਇਕ ਵਿਰੁੱਧ ਕੋਈ ਅਨੂਸ਼ਾਸਨੀ ਕਾਰਵਾਈ ਹੀ ਕੀਤੀ ਹੈ ਕਿ ਉਹ ਸਹੀ ਕੰਮ ਨਹੀਂ ਕਰ ਰਿਹਾ । ਕਿਸੇ ਵੀ ਵਿਧਾਇਕ ਨੂੰ ਸਜਾ ਨਹੀਂ ਮਿਲੀ । ਕੋਈ ਪੌਣੀ ਸਦੀ ਦਾ ਸਮਾਂ ਹੋ ਗਿਆ ਹੈ ਇਹ ਵਿਧਾਇਕ ਸਦਨਾ ਵਿੱਚ ਜਾਕੇ ਬੈਠਦੇ ਹੀ ਹਨ ਅਤੇ ਕੋਈ ਵੀ ਛਾਤੀ ਉਤੇ ਹੱਥ ਰਖਕੇ ਇਹ ਨਹੀਂ ਆਖ ਸਕਦਾ ਕਿ ਉਸਨੇ ਸਦਨ ਵਿੱਚ ਜਾਕੇ ਆਪਣੇ ਇਲਾਕੇ ਦੀ ਇਹ ਸਮੱਸਿਆ ਹੱਲ ਕਰਵਾਈ ਹੈ। ਬਲਕਿ ਇਹ ਆਖਿਆ ਜਾ ਸਕਦਾ ਹੈ ਕਿ ਇਹ ਵਿਧਾਇਕ ਹਮੇਸ਼ਾਂ ਚੁਪ ਹੀ ਬੈਠਦੇ ਰਹੇ ਹਨ ਅਤੇ ਕਦੀ ਵੀ ਆਪਣੀ ਰਾਏ ਤੱਕ ਸਦਨ ਵਿੱਚ ਪੇਸ਼ ਨਹੀਂ ਕਰ ਸਕੇ। ਅਗਰ ਇਹ ਵਿਧਾਇਕ ਸਦਨ ਵਿੱਚ ਆਜਾਦ ਨਹੀਂ ਹਨ ਅਤੇ ਬੋਲ ਨਹੀਂ ਸਕਦੇ ਤਾਂ ਸਾਡੇ ਪਾਸ ਅੱਜ ਤੱਕ ਕਿਸੇ ਵਿਧਾਇਕ ਨੇ ਸ਼ਿਕਾਇਤ ਹੀ ਨਹੀਂ ਕੀਤੀ ਕਿ ਉਹ ਸਦਨ ਵਿੱਚ ਬਹੁਤ ਕੁੱਝ ਆਖਣਾ ਚਾਹ ਰਿਹਾ ਸੀ, ਪਰ ਆਖਣ ਹੀ ਨਹੀਂ ਦਿੱਤਾ ਗਿਆ ਅਤੇ ਅਗਰ ਕਦੀ ਉਹ ਕੁੱਝ ਆਖ ਵੀ ਬੈਠਾ ਸੀ ਤਾਂ ਕਿਸੇ ਨੇ ਉਸਦੀ ਗੱਲ ਵੱਲ ਧਿਆਨ ਹੀ ਨਹੀਂ ਸੀ ਦਿੱਤਾ।

ਇਹ ਮੁਲਕ ਸਦੀਆਂ ਤੱਕ ਗੁਲਾਮ ਰਿਹਾ ਹੈ ਅਤੇ ਇਸ ਲਈ ਇਹ ਸਦਨਾ ਬਣਾਈਆਂ ਗਈਆਂ ਸਨ ਤਾਂਕਿ ਇਹ ਵਿਧਾਇਕ ਸਦਨਾ ਵਿੱਚ ਬੈਠਕੇ ਲੋਕਾਂ ਦੀਆਂ ਬਣ ਆਈਆਂ ਸਮੱਸਿਆਵਾਂ ਹੱਲ ਕਰਨ, ਪਰ ਕਿਉਂਕਿ ਅਸਾਂ ਵਿਧਾਇਕਾਂ ਲਈ ਕੋਈ ਡਿਊਟੀ ਚਾਰਟ ਹੀ ਨਹੀਂ ਸੀ ਬਣਾਇਆ, ਇਸ ਲਈ ਕਿਸੇ ਵੀ ਵਿਧਾਇਕ ਨੇ ਕੋਈ ਕੰਮ ਨਹੀਂ ਕੀਤਾ ਅਤੇ ਅਸੀਂ ਚੋਣਾਂ ਉਤੇ, ਸਦਨਾ ਦੇ ਰੱਖ ਰਖਾ, ਤਨਖਾਹਾਂ, ਭੱਤੇ ਅਤੇ ਪੈਨਸ਼ਨਾਂ ਉਤੇ ਜਿਹੜਾ ਅਰਬਾਂ ਖਰਬਾਂ ਰੁਪਿਆ ਖਰਚ ਕਰ ਬੈਠੇ ਹਾਂ ਉਹ ਜਾਇਆ ਗਿਆ ਹੈ। ਇਹ ਜਨਤਾ ਅਗਰ ਮੁਲਕ ਦੀ ਮਾਲਕ ਹੈ ਤਾਂ ਇਹ ਵਾਲਾ ਨੁਕਤਾ ਅੱਜ ਤਕ ਲੋਕਾਂ ਵਿੱਚ ਵਿਚਾਰਿਆ ਕਿਉਂ ਨਹੀਂ ਗਿਆ ਹੈ। ਜਨਤਾ ਅੱਜ ਗੁਲਾਮ ਨਹੀਂ ਹੈ ਅਤੇ ਇਹ ਵਿਧਾਇਕ ਚਾਹੇ ਉਸਦਾ ਅਹੁਦਾ ਕੋਈ ਵੀ ਹੈ ਉਹ ਹਾਕਮ ਨਹੀਂ ਹੈ ਬਲਕਿ ਲੋਕ ਸੇਵਕ ਹੀ ਹੈ। ਜਨਤਾ ਦਾ ਇਹ ਫਰਜ ਬਣਦਾ ਹੈ ਕਿ ਉਹ ਵਿਧਾਇਕਾਂ ਦੀਆਂ ਜਿੰਮੇਵਾਰੀਆਂ ਦਾ ਚਾਰਟ ਤਿਆਰ ਕਰੇ ਅਤੇ ਲਾਗੂ ਕਰੇ ਤਾਂਕਿ ਹਰ ਵਿਧਾਇਕ ਆਪਣੀ ਲਿਆਕਤ, ਸਿੱਖਿਆ, ਸਿਖਲਾਈ, ਤਜਰਬਾ ਅਤੇ ਲੋਕ ਸੇਵਾ ਦਾ ਜਜ਼ਬਾ ਸਦਨ ਵਿੱਚ ਪ੍ਰਗਟ ਕਰ ਸਕੇ ਅਤੇ ਪਤਾ ਵੀ ਲੱਗ ਸਕੇ ਕਿ ਉਹ ਰਾਜਸੀ ਖੇਤਰ ਵਿੱਚ ਆਇਆ ਕਿਉਂ ਹੈ। ਮਾਲਕਾਂ ਅਰਥਾਤ ਲੋਕਾਂ ਦਾ ਦਾ ਇਸ ਤਰ੍ਹਾਂ ਸੁੱਤੇ ਰਹਿਣਾ ਆਉਣ ਵਾਲੀਆ ਪੀੜ੍ਹੀਆਂ ਨਾਲ ਧੋਖਾ ਹੈ।



# ਇੱਜ਼ਤ ਦੇ ਨਾਲ-ਨਾਲ ਅਮਰੀਕਾ ਦੇ ਅਰਬਾਂ ਡਾਲਰ ਵੀ ਖੂਹ ਖਾਤੇ ਪੈ ਗਏ ਅਫਗਾਨਿਸਤਾਨ ਵਿੱਚ



ਬਲਰਾਜ ਸਿੰਘ ਸਿੱਧੂ ਕਮਾਂਡੈਂਟ
ਮੋ. 9501100062



19 ਅਗਸਤ ਨੂੰ ਆਈ.ਐਸ. ਵੱਲੋਂ ਕਾਬਲ ਹਵਾਈ ਅੱਡੇ ਦੇ ਬਾਹਰ ਕੀਤੇ ਗਏ ਮਨੁੱਖੀ ਬੰਬ ਧਮਾਕੇ ਵਿੱਚ ਕਰੀਬ 100 ਅਫਗਾਨ ਨਾਗਰਿਕਾਂ ਤੋਂ ਇਲਾਵਾ 13 ਅਮਰੀਕੀ ਸੈਨਿਕ ਵੀ ਮੌਤ ਦੇ ਮੂੰਹ ਵਿੱਚ ਜਾ ਪਏ ਹਨ। ਇਹ 2011 ਤੋਂ ਬਾਅਦ ਇੱਕੋ ਦਿਨ ਮਰਨ ਵਾਲੇ ਅਮਰੀਕੀ ਸੈਨਿਕਾਂ ਦੀ ਸਭ ਤੋਂ ਵੱਡੀ ਗਿਣਤੀ ਹੈ ਜਦੋਂ ਤਾਲਿਬਾਨ ਵੱਲੋਂ ਰਾਕਟ ਮਾਰ ਕੇ ਸੁੱਟੇ ਗਏ ਹੈਲੀਕਾਪਟਰ ਵਿੱਚ ਸਵਾਰ 30 ਅਮਰੀਕੀ ਸੈਨਿਕ ਮਾਰੇ ਗਏ ਸਨ ਅਫਗਾਨਿਸਤਾਨ ਵਿੱਚ ਅਮਰੀਕਾ ਨੂੰ ਬੁਰੀ ਤਰਾਂ ਮੂੰਹ ਦੀ ਖਾਣੀ ਪਈ ਹੈ। 20 ਸਾਲ ਦੇ ਬੇਅਰਥ ਯੁੱਧ ਵਿੱਚਹਜ਼ਾਰਾਂ ਸੈਨਿਕ ਮਰਵਾ ਕੇ ਤੇ ਅਰਬਾਂ ਡਾਲਰ ਫੂਕ ਕੇ ਉਸ ਨੂੰ ਵੀਅਤਨਾਮ ਯੁੱਧ ਵਾਂਗਮੂੰਹ ਛਿਪਾ ਕੇ ਅਫਗਾਨਿਸਤਾਨ ਤੋਂ ਭੱਜਣਾ ਪੈ ਰਿਹਾ ਹੈ। ਤਾਲਿਬਾਨ ਦੀ ਹਿੰਮਤ ਐਨੀ ਵਧ ਗਈ ਹੈ ਕਿ ਉਨ੍ਹਾਂ ਨੇ ਅਮਰੀਕਾ ਨੂੰ ਅਫਗਾਨਿਸਤਾਨ ਤੋਂ ਨਿਕਲਣ ਲਈ 31 ਅਗਸਤ ਤੋਂ ਵੱਧ ਮੋਹਲਤ ਦੇਣ ਤੋਂ ਇਨਕਾਰ ਕਰ ਦਿੱਤਾ ਹੈ ਤੇ ਕੋਤਾਹੀ ਦੀ ਸੂਰਤ ਵਿੱਚ ਨਤੀਜੇ ਭੁਗਤਣ ਲਈ ਤਿਆਰ ਰਹਿਣ ਦੀ ਧਮਕੀ ਦੇ ਦਿੱਤੀ ਹੈ। ਅਮਰੀਕਾ ਨੇ ਥੋੜ੍ਹੀ ਬਹੁਤ ਆਨਕਾਨੀ ਕਰਨ ਤੋਂ ਬਾਅਦ ਡਰਦੇ ਮਾਰੇ ਤਾਲਿਬਾਨ ਦੀ ਗੱਲ ਮੰਨ ਲਈ ਹੈ। ਅਫਗਾਨਿਸਤਾਨ ਨੂੰ ਸਾਮਰਾਜਾਂ ਦਾ ਕਬਰਿਸਤਾਨ ਕਿਹਾ ਜਾਂਦਾ ਹੈ ਤੇ ਜੰਗ ਲੜਨੀ ਉਨ੍ਹਾਂ ਦਾ ਕੌਮੀ ਸ਼ੁਗਲ ਹੈ।

ਅਮਰੀਕੀ ਹਮਲੇ ਦਾ ਹਾਲ ਵੀ 1839 ਦੇ ਇੰਗਲੈਂਡ ਅਤੇ 1979 ਦੇ ਰੂਸੀ ਹਮਲੇ ਵਰਗਾ ਹੋਇਆ ਹੈ। 1838ਈਸਵੀ ਵਿੱਚ ਅਮੀਰ ਦੋਸਤ ਮੁਹੰਮਦ ਖਾਨ ਨੇ ਅੰਗਰੇਜਾਂ ਦੇ ਪਿੱਠੂ ਬਾਦਸ਼ਾਹ ਸ਼ਾਹ ਸ਼ੁਜਾਅ ਨੂੰ ਗੱਦੀ ਤੋਂ ਲਾਹ ਕੇ ਕਾਬਲ 'ਤੇ ਕਬਜ਼ਾ ਕਰ ਲਿਆ ਸੀ। ਸ਼ਾਹ ਸ਼ੁਜਾਅ ਨੂੰ ਦੁਬਾਰਾ ਗੱਦੀ 'ਤੇ ਬਿਠਾਉਣ ਖਾਤਰਈਸਟ ਇੰਡੀਆ ਕੰਪਨੀ ਦੀ 20000 ਫੌਜ ਨੇ 1839 ਵਿੱਚ ਕਾਬਲ 'ਤੇ ਧਾਵਾ ਬੋਲ ਕੇ ਕਬਜ਼ਾ ਕਰ ਲਿਆ ਤੇ ਸ਼ਾਹ ਸ਼ੁਜਾਅ ਨੂੰ ਦੁਬਾਰਾ ਗੱਦੀ 'ਤੇ ਬਿਠਾ ਦਿੱਤਾ। ਪਰ ਥੋੜ੍ਹੇ ਹੀ ਦਿਨਾਂ ਬਾਅਦ ਪਠਾਨਾਂ ਨੇ ਬਗਾਵਤ ਕਰ ਦਿੱਤੀ ਤੇ ਅੰਗਰੇਜ਼ ਫੌਜ ਖਾਨਾਜੰਗੀ ਵਿੱਚ ਉਲਝ ਗਈ। ਤਿੰਨ ਸਾਲ ਦੀ ਲੜਾਈ ਤੋਂ ਬਾਅਦ ਜਦੋਂ ਕੋਈ ਵਾਹ ਨਾ ਚੱਲੀ ਤਾਂ 1842 ਵਿੱਚ ਜਨਰਲ ਵਿਲੀਅਮ ਐਲਫਿਨਸਟੋਨ ਨੇ ਦੋਸਤ ਮੁਹੰਮਦ ਖਾਨ ਨਾਲ ਸੰਧੀ ਕਰ ਲਈ ਤੇ ਭਾਰਤ ਵੱਲ ਚਾਲੇ ਪਾ ਦਿੱਤੇ। ਪਰ ਰਸਤੇ ਵਿੱਚ ਉਸ ਦੀ ਫੌਜ 'ਤੇ ਪਠਾਨਾਂ ਨੇ ਚਾਰੇ ਪਾਸੇ ਤੋਂ ਹਮਲਾ ਕਰ ਦਿੱਤਾ। ਜਨਰਲ ਵਿਲੀਅਮ ਐਲਫਿਨਸਟੋਨ ਸਮੇਤ ਤਕਰੀਬਨ ਸਾਰੀ ਫੌਜ ਮਾਰੀ ਗਈ ਤੇ ਸਿਰਫ 150 ਫੌਜੀ ਤੇ ਇੱਕ ਡਾਕਟਰ (ਵਿਲੀਅਮ ਬਰਾਈਡਨ) ਅੰਗਰੇਜ਼ਾਂ ਦੀ ਜਲਾਲਾਬਾਦ ਛਾਉਣੀ ਤੱਕ ਪਹੁੰਚਣ ਵਿੱਚ ਕਾਮਯਾਬ ਹੋ ਸਕੇ।

ਇਹ ਹੀ ਗਲਤੀ 24 ਦਸੰਬਰ 1979 ਨੂੰ ਰੂਸ (ਸੋਵੀਅਤ ਯੂਨੀਅਨ) ਨੇ ਕੀਤੀ ਸੀ। ਉਸ ਨੇ ਮੁਜ਼ਾਹਦੀਨਾਂ ਵੱਲੋਂ ਕੀਤੀ ਬਗਾਵਤ ਤੋਂ ਰੂਸ ਪੱਖੀ ਕਮਿਊਨਿਸਟ ਸਰਕਾਰ ਨੂੰ ਬਚਾਉਣ ਲਈ ਅਫਗਾਨਿਸਤਾਨ 'ਤੇ ਹਮਲਾ ਕੀਤਾ ਸੀ। ਪਰ ਇਸ ਹਮਲੇ ਕਾਰਨ ਭੜਕ ਕੇ ਸਾਰੇ ਮੁਜਾਹਦੀਨ ਇਕੱਠੇ ਹੋ ਗਏ ਤੇ ਉਨ੍ਹਾਂ ਨੇ ਅਮਰੀਕਾ, ਪਾਕਿਸਤਾਨ, ਚੀਨ, ਇਰਾਨ, ਸਾਊਦੀ ਅਰਬ ਅਤੇ ਹੋਰ ਮੁਸਲਿਮ ਦੇਸ਼ਾਂ ਦੀ ਮਦਦ ਨਾਲ ਰੂਸੀਆਂ ਦਾ ਡਟ ਕੇ ਮੁਕਾਬਲਾ ਕੀਤਾ। ਇਹ ਜੰਗ 15 ਫਰਵਰੀ 1989 ਤੱਕ ਚੱਲਦੀ ਰਹੀ ਤੇ ਇਸ ਵਿੱਚ 25000 ਰੂਸੀ ਅਤੇ 90000 ਦੇ ਕਰੀਬ ਮੁਜ਼ਾਹਦੀਨ ਮਾਰੇ ਗਏ। ਭਾਰੀ ਨੁਕਸਾਨ ਉਠਾਉਣ ਤੋਂ ਬਾਅਦ 1988 ਵਿੱਚ ਹੋਈ ਜਨੇਵਾ ਸੰਧੀ ਅਨੁਸਾਰ ਰੂਸੀ ਫੌਜਾਂ ਅਫਗਾਨਿਸਤਾਨ ਦੇ ਕਮਿਊਨਿਸਟ ਪ੍ਰਧਾਨ ਮੰਤਰੀ ਮੁਹੰਮਦ ਨਜ਼ੀਬੁਲਾ ਨੂੰ ਉਸ ਦੇ ਹਾਲ 'ਤੇ ਛੱਡ ਕੇ ਸਰਹੱਦ ਪਾਰ ਕਰ ਗਈਆਂ। ਇਸ ਜੰਗ ਦੇ ਸੰਸਾਰ 'ਤੇ ਬਹੁਤ ਗੰਭੀਰ ਰਾਜਨੀਤਕ ਅਤੇ ਕੂਟਨੀਤਕ ਪ੍ਰਭਾਵ ਪਏ। ਸੋਵੀਅਤ ਯੂਨੀਅਨ ਟੁੱਟ ਗਿਆ, ਠੰਡੀ ਜੰਗ ਖਤਮ ਹੋ ਗਈ ਤੇ ਅਮਰੀਕਾ ਸੰਸਾਰ ਦੀ ਇੱਕੋ ਇੱਕ ਸੁਪਰ ਪਾਵਰ ਬਣ ਗਿਆ।

ਹੁਣ ਅਮਰੀਕਾ ਦੀ ਵੀ ਅਫਗਾਨ ਜੰਗ ਵਿੱਚ ਕੁਝ ਅਜਿਹੀ ਹੀ ਹਾਲਤ ਹੋਈ ਹੈ। 2001 ਵਿੱਚ ਸ਼ੁਰੂ ਹਾਈ 20 ਸਾਲਾ ਜੰਗ ਵਿੱਚ ਅਮਰੀਕਾ ਦੇ 2443 ਸੈਨਿਕ ਮਾਰੇ ਗਏ ਤੇ 20666 ਜ਼ਖਮੀ ਹੋਏ, ਪਰ ਅਮਰੀਕਾ ਨਾ ਤਾਂ ਤਾਲਿਬਾਨ ਨੂੰ ਖਤਮ ਕਰ ਸਕਿਆ ਹੈ ਤੇ ਨਾ ਹੀ ਅਲ ਕਾਇਦਾ ਨੂੰ। ਉਲਟ ਤਾਲਿਬਾਨ ਪਹਿਲਾਂ ਨਾਲੋਂ ਵੀ ਜਿਆਦਾ ਤਾਕਤਵਰ ਹੋ ਕੇ ਸਾਹਮਣੇ ਆਏ ਹਨ। ਅਫਗਾਨ ਫੌਜ ਦੇ ਤਾਸ਼ ਦੇ ਪੱਤਿਆਂ ਵਾਂਗ ਬਿਖਰ ਜਾਣ ਅਤੇ ਰਾਸ਼ਟਰਪਤੀ ਅਸ਼ਰਫ ਗਨੀ ਦੇ ਦੇਸ਼ ਵਿੱਚੋਂ ਪਿੱਠ ਵਿਖਾ ਕੇ ਭੱਜ ਜਾਣ ਕਾਰਨ ਅਮਰੀਕੀ ਰਾਸ਼ਟਰਪਤੀ ਜੋਅ ਬਿਡੇਨ ਦੀ ਹਾਲਤ ਪਤਲੀ ਹੋ ਗਈ ਹੈ। ਅਮਰੀਕੀ ਮੀਡੀਆ ਵਿੱਚ ਹੋ ਰਹੀ ਸਖਤ ਨੁਕਤਾਚੀਨੀ ਕਾਰਨ ਉਸ ਦੀ ਲੋਕਪ੍ਰਿਯਤਾ ਦਾ ਗਰਾਫ ਬੁਰੀ ਤਰਾਂ ਥੱਲੇ ਵੱਲ ਜਾ ਰਿਹਾ ਹੈ। ਮੀਡੀਆ ਅਮਰੀਕਾ ਵੱਲੋਂ 20 ਸਾਲਾਂ ਦੌਰਾਨ ਅਫਗਾਨਿਸਤਾਨ ਵਿੱਚ ਸ਼ਾਂਤੀ ਅਤੇ ਸਥਿਰਤਾ ਕਾਇਮ ਕਰਨ ਦੇ ਨਾਮ 'ਤੇ ਫੂਕੇ ਗਏ 15 ਅਰਬ ਤੋਂ ਵੱਧ ਡਾਲਰ (ਕਰੀਬ 1125 ਅਰਬ ਰੁਪਏ) 'ਤੇ ਸਵਾਲ ਉਠਾ ਰਿਹਾ ਹੈ। ਜੰਗ ਤੋਂ ਇਲਾਵਾ ਅਮਰੀਕਾ ਨੇ ਅਫਗਾਨਿਸਤਾਨ ਵਿੱਚ ਵਿਕਾਸ ਦੇ ਨਾਮ 'ਤੇ ਕਈ ਪ੍ਰੋਜੈਕਟ ਸ਼ੁਰੂ ਕੀਤੇ ਸਨ ਜਿਨ੍ਹਾਂ 'ਤੇ ਖਰਚਿਆ ਕਰੋੜਾਂ ਡਾਲਰ ਮਿੱਟੀ ਹੋ ਗਿਆ ਹੈ। ਹੇਠ ਲਿਖੇ ਅਜਿਹੇ ਹੀ ਕੁਝ ਪ੍ਰੋਜੈਕਟ ਹਨ ਜਿਨ੍ਹਾਂ 'ਤੇ ਖਰਚਿਆ ਗਿਆ ਸਾਰਾ ਪੈਸਾ ਭ੍ਰਿਸ਼ਟ ਅਮਰੀਕੀ ਅਫਸਰਾਂ, ਅਫਗਾਨ ਨੇਤਾਵਾਂ ਅਤੇ ਠੇਕੇਦਾਰਾਂ ਦੀ ਮਿਲੀਭੁਗਤ ਨਾਲ ਖੁਰਦ ਬੁਰਦ ਹੋ ਗਿਆ ਹੈ। ਪ੍ਰੋਜੈਕਟ ਅਜਿਹੇ ਘਟੀਆ ਤਰੀਕੇ ਨਾਲ ਤਿਆਰ ਕੀਤੇ ਗਏ ਸਨ ਕਿ ਵਰਤੋਂ ਵਿੱਚ ਹੀ ਨਹੀਂ ਲਿਆਂਦੇ ਜਾ ਸਕੇ।



ਅਫਗਾਨ ਫੌਜ - ਅਮਰੀਕਾ ਨੇ ਤਾਲਿਬਾਨ ਦਾ ਮੁਕਾਬਲਾ ਕਰਨ ਲਈ 3 ਲੱਖ ਅਫਗਾਨ ਫੌਜੀ ਤਿਆਰ ਕੀਤੇਸਨ ਅਤੇ ਉਨ੍ਹਾਂ ਦੀ ਟਰੇਨਿੰਗ ਅਤੇ ਹਥਿਆਰ ਆਦਿ ਮੁਹੱਈਆ ਕਰਾਉਣ 'ਤੇ ਕਰੀਬ 100 ਕਰੋੜ ਡਾਲਰ (ਕਰੀਬ 7500ਕਰੋੜ ਰੁਪਏ) ਖਰਚ ਕਰ ਦਿੱਤੇ ਸਨ। ਪਰ ਅਮਰੀਕਾ ਦੇ ਯੁੱਧ ਤੋਂ ਬਾਹਰ ਹੁੰਦੇ ਸਾਰ ਉਸ ਫੌਜ ਦੀ ਜੋ ਦੁਰਦਸ਼ਾ ਹੋਈ, ਉਹ ਸਭ ਦੇ ਸਾਹਮਣੇ ਹੈ। ਅੱਜ ਤੱਕ ਕਿਸੇ ਦੇਸ਼ ਦੀ ਫੌਜ ਨੇ ਇਸ ਤਰਾਂ ਆਪਣੇ ਨਾਲੋਂ ਕਿਤੇ ਘੱਟ ਗਿਣਤੀ ਅਤੇ ਰਵਾਇਤੀ ਹਥਿਆਰਾਂ ਨਾਲ ਲੈਸ ਅੱਤਵਾਦੀਆਂਸਾਹਮਣੇਗੋਡੇ ਨਹੀਂ ਟੇਕੇ ਹੋਣੇ।

ਹਵਾਈ ਜਹਾਜ਼ ਜੋ ਕਬਾੜ ਵਿੱਚ ਵੇਚ ਦਿੱਤੇ ਗਏ - ਅਮਰੀਕਾ ਨੇ ਅਫਗਾਨ ਹਵਾਈ ਫੌਜ ਦੀ ਮਾਰਕ ਸਮਰੱਥਾ ਵਧਾਉਣ ਖਾਤਰ 55 ਕਰੋੜ ਡਾਲਰ (4125 ਕਰੋੜ ਰੁਪਏ) ਦੇ 20 ਅਤਿ ਅਧੁਨਿਕ ਜੀ - 222 ਇਟਾਲੀਅਨ ਹਵਾਈ ਜਹਾਜ਼ ਖਰੀਦੇ ਗਏ ਸਨ। ਪਰ ਅਫਗਾਨ ਪਾਇਲਟ ਲੱਖ ਕੋਸ਼ਿਸ਼ ਕਰਨ ਦੇ ਬਾਵਜੂਦ ਵੀ ਇਨ੍ਹਾਂ ਨੂੰਚੰਗੀ ਤਰਾਂ ਉਡਾਉਣ ਵਿੱਚ ਸਫਲ ਨਹੀਂ ਹੋ ਸਕੇ। ਇਸ ਲਈ ਹਾਰ ਕੇ ਇਹ ਕਾਬਲ ਹਵਾਈ ਅੱਡੇ 'ਤੇ ਖੜ੍ਹੇ ਕਰ ਦਿੱਤੇ ਗਏ ਤੇ ਝਾੜੀਆਂ ਅਤੇ ਜਾਨਵਰਾਂ ਨੇ ਇਨ੍ਹਾਂ ਨੂੰ ਆਪਣਾ ਟਿਕਾਣਾ ਬਣਾ ਲਿਆ। ਜਦੋਂ ਇਹ ਬਿਲਕੁਲ ਕਬਾੜ ਬਣ ਗਏ ਤਾਂ 12 ਸੈਂਟ (ਕਰੀਬ 8 ਰੁਪਏ) ਪ੍ਰਤੀ ਕਿੱਲੋ ਦੇ ਹਿਸਾਬ ਨਾਲ ਸਾਰੇ ਜਹਾਜ਼ 32000 ਡਾਲਰ (ਕਰੀਬ 24 ਲੱਖ ਰੁਪਏ) ਵਿੱਚ ਕਬਾੜੀਆਂ ਨੂੰ ਵੇਚ ਦਿੱਤੇ ਗਏ।

ਗਾਰਦੇਜ਼ - ਖੋਸਤ ਸੜਕ - ਅਮਰੀਕਾ ਦੀ ਇੰਟਰਨੈਸ਼ਨਲ ਡਿਵੈਲਪਮੈਂਟ ਏਜੰਸੀ ਨੇ ਅਫਗਾਨ ਲੋਕਾਂ ਨੂੰ ਸਹੂਲਤ ਦੇਣ ਦੇ ਨਾਮ 'ਤੇ 176 ਲੱਖ ਡਾਲਰ (ਕਰੀਬ 13200 ਲੱਖ ਰੁਪਏ) ਖਰਚ ਕੇ ਗਾਰਦੇਜ਼ ਸ਼ਹਿਰ ਤੋਂ ਖੋਸਤ ਸੂਬੇ ਤੱਕ 101 ਕਿ.ਮੀ. ਲੰਬੀ ਸੜਕ ਦਾ ਨਿਰਮਾਣ ਕਰਵਾਇਆ ਸੀ। ਪਰ ਭ੍ਰਿਸ਼ਟਾਚਾਰ ਅਤੇ ਘਟੀਆ ਸਮੱਗਰੀ ਵਰਤਣ ਕਾਰਨ ਅੱਧੀ ਤੋਂ ਵੱਧ ਸੜਕ ਨਿਰਮਾਣ ਤੋਂ ਸਿਰਫ 6 ਮਹੀਨੇ ਬਾਅਦ ਹੀ ਬਰਸਾਤਾਂ ਕਾਰਨ ਰੁੜ੍ਹ ਗਈ।

ਫੌਜੀ ਵਰਦੀਆਂ - ਅਮਰੀਕਾ ਨੇ ਅਫਗਾਨ ਫੌਜ ਵਾਸਤੇ ਵਰਦੀਆਂ ਅਤੇ ਹੋਰ ਸਾਜੋ ਸਮਾਨ ਖਰੀਦਣ ਲਈ 280 ਲੱਖ ਡਾਲਰ (ਕਰੀਬ 225 ਕਰੋੜ ਰੁਪਏ) ਖਰਚ ਕੀਤੇ ਸਨ। ਪਰ ਜੰਗਲੀ ਪਿੱਠਭੂਮੀ ਵਾਸਤੇ ਮਾਫਕ ਇਹਹਰੀਆਂ ਵਰਦੀਆਂ ਅਫਗਾਨਿਸਤਾਨ ਦੇ ਬੰਜਰ ਭੂ ਦ੍ਰਿਸ਼ ਮੁਤਾਬਕ ਸਹੀ ਨਹੀਂ ਸਨ, ਜਿਸ ਕਾਰਨ ਸੈਨਿਕ ਦੂਰੋਂ ਹੀ ਦੁਸ਼ਮਣ ਦੀ ਨਜ਼ਰ ਚੜ੍ਹ ਜਾਂਦੇ ਸਨ। ਇਸ ਲਈ ਫੌਜੀਆਂ ਨੇ ਇਹ ਵਰਦੀਆਂ ਪਹਿਨਣ ਤੋਂ ਇਨਕਾਰ ਕਰ ਦਿੱਤਾ। ਇਹ ਵਰਦੀਆਂ ਸਿਰਫ ਇਸ ਲਈ ਖਰੀਦੀਆਂ ਗਈਆਂ ਸਨ ਕਿਉਂਕਿ ਇਨ੍ਹਾਂ ਦਾ ਡਿਜ਼ਾਈਨ ਅਫਗਾਨਿਸਤਾਨ ਦੇ ਕਿਸੇ ਮੂਰਖ ਰੱਖਿਆ ਮੰਤਰੀ ਨੂੰ ਪਸੰਦ ਸੀ ਤੇ ਇਹ ਉਸ ਦੀ ਫੈਕਟਰੀ ਤੋਂਸਿਲਾਈਆਂ ਗਈਆਂ ਸਨ। ਮੰਤਰੀ ਇਸ ਘਾਲੇ ਮਾਲੇ ਤੋਂ ਕਰੋੜਾਂ ਰੁਪਏ ਕਮਾ ਗਿਆ।

ਟਰੇਨਿੰਗ ਸੈਂਟਰ - ਅਮਰੀਕਾ ਨੇ 2012 ਵਿੱਚ ਅਫਗਾਨ ਫੌਜ ਦੇ ਸਪੈਸ਼ਲ ਦਸਤਿਆਂ ਨੂੰ ਫੀਲਡ ਟਰੇਨਿੰਗ ਦੇਣ ਵਾਸਤੇ ਇੱਕ ਅਫਗਾਨ ਠੇਕੇਦਾਰ ਰਾਹੀਂ 5 ਲੱਖ ਡਾਲਰ (ਕਰੀਬ 3.75 ਕਰੋੜ ਰੁਪਏ) ਖਰਚ ਕੇ ਗਜ਼ਨੀ ਸ਼ਹਿਰ ਦੇ ਨਜ਼ਦੀਕ ਇੱਕ ਅਤਿ ਅਧੁਨਿਕ ਟਰੇਨਿੰਗ ਸੈਂਟਰ ਦੀ ਉਸਾਰੀ ਕਰਵਾਈ ਸੀ। ਇਹ ਟਰੇਨਿੰਗ ਸੈਂਟਰ ਇੱਕ ਅਫਗਾਨ ਪਿੰਡ ਦੇ ਰੂਪ ਵਿੱਚ ਸੀ ਜਿਸ ਵਿੱਚ ਸੁਰੱਖਿਆ ਦਸਤਿਆਂ ਨੂੰ ਘਰ ਘਰ ਦੀ ਤਲਾਸ਼ੀ ਲੈਣ ਦੀ ਟਰੇਨਿੰਗ ਦਿੱਤੀ ਜਾਣੀ ਸੀ। ਪਰ ਨੇਤਾਵਾਂ, ਠੇਕੇਦਾਰਾਂ ਅਤੇ ਅਫਸਰਾਂ ਨੇ ਪੈਸੇ ਹਜ਼ਮ ਕਰਨ ਲਈ ਬੇਹੱਦ ਘਟੀਆ ਮੈਟੀਰੀਅਲ ਦੀ ਵਰਤੋਂ ਕੀਤੀ ਤੇ ਸਿਰਫ ਡੇਢ ਸਾਲ ਬਾਅਦ ਹੀ ਸੈਂਟਰਖੰਡਰ ਬਣਗਿਆ।

ਨਸ਼ਿਆਂ ਦੇ ਖਿਲਾਫ ਮੁਹਿੰਮ - ਅਫਗਾਨਿਸਤਾਨ ਸੰਸਾਰ ਦਾ ਸਭ ਤੋਂ ਵੱਡਾ ਅਫੀਮ ਅਤੇ ਹੈਰੋਇਨ ਉਤਪਾਦਕ ਦੇਸ਼ ਹੈ। ਅਮਰੀਕਾ ਨੇ ਇਸ ਦੇ ਖਾਤਮੇ ਲਈ ਕਿਸਾਨਾਂ ਨੂੰ ਅਫੀਮ ਦੀ ਖੇਤੀ ਨਾ ਕਰਨ ਬਦਲੇ ਨਕਦ ਪੈਸੇ ਦੇਣੇ ਸ਼ੁਰੂ ਕਰ ਦਿੱਤੇ ਤੇ ਇਸ ਕੰਮ ਵਿੱਚ 86 ਕਰੋੜ ਡਾਲਰ (64 ਅਰਬ 50 ਕਰੋੜ ਰੁਪਏ) ਉਡਾ ਦਿੱਤੇ। ਕਿਸਾਨਾਂ ਨੇ ਪੈਸੇ ਵੀ ਲੈ ਲਏ ਤੇ ਖੇਤੀ ਵੀ ਜਾਰੀ ਰੱਖੀ। ਅਮਰੀਕਾ ਦੀਆਂ ਲੱਖ ਕੋਸ਼ਿਸ਼ਾਂ ਦੇ ਬਾਵਜੂਦ 2021 ਤੱਕ ਅਫਗਾਨਿਸਤਾਨ ਵਿੱਚ ਅਫੀਮ ਦੀ ਖੇਤੀ 50 ਗੁਣਾ ਵੱਧ ਗਈ ਹੈ।

ਹੈਰਾਨੀ ਦੀ ਗੱਲ ਇਹ ਹੈ ਕਿ ਅਮਰੀਕੀ ਸਰਕਾਰ ਨੇ ਉਪਰੋਕਤ ਪ੍ਰੋਜੈਕਟਾਂ ਵਿੱਚ ਹੋਏ ਗਬਨ ਲਈ ਕਿਸੇ ਵੀ ਅਫਸਰ ਜਾਂ ਮਿਲਟਰੀ ਕਮਾਂਡਰ ਨੂੰ ਜਿੰਮੇਵਾਰ ਨਹੀਂ ਠਹਿਰਾਇਆ। ਲੱਗਦਾ ਹੈ ਕਿ ਭ੍ਰਿਸ਼ਟ ਦੇਸ਼ਾਂ ਵਿੱਚ ਲੰਬਾ ਸਮਾਂ ਡਿਊਟੀ ਕਰਨ ਕਾਰਨ ਅਮਰੀਕੀ ਅਫਸਰ ਵੀ ਮਹਾਂ ਭਰਿਸ਼ਟ ਹੋ ਗਏ ਹਨ, ਕਿਉਂਕਿ ਲੂਣ ਦੀ ਖਾਨ ਵਿੱਚ ਸਭ ਕੁਝ ਲੂਣ ਬਣ ਜਾਂਦਾ ਹੈ।

ਪੰਜਾਬੀ ਅਖ਼ਬਾਰ ਵਿੱਚ ਖ਼ਬਰਾਂ,ਇਸਤਿਹਾਰ, ਬਿਜਨਿਸ ਦੀ ਐਡਵਰਟਾਈਜ਼ਮੈਂਟ, ਵਿਆਹ ਸਬੰਧੀ ਜਾਂ ਆਪਣੀਆਂ ਰਚਨਾਵਾਂ ਛਪਵਾਉਣ ਲਈ ਸੰਪਰਕ ਕਰ ਸਕਦੇ ਹੋ।



Edmonton
Sukhdev Singh Dhanoa
780 700 5022, 780 599 2000
Email: sukhdevdhanoa@gmail.com



Regina
Gurbinder Singh Gagowal
306 520 4313, 639 999 1000
Email: gur.gago@gmail.com



Saskatoon
Gagandeep Jattana
639 742 0203
639 999 1000
Email-gaganjattana0203@gmail.com



Winnipeg
Lakha Sehajpal Daudhar
204 891 0031
431 733 3000
lakhadaudhar007@gmail.com



Winnipeg
Amritpal Singh Kang
204 218 3852
431 733 3000
just4kang@gmail.com

ਮੁੱਖ ਦਫਤਰ ਕੈਲਗਰੀ 208 #10 -4774 Westwinds Drive NE Calgary (AB) T3J 0L7 Canada: 1 403 640 2000, editor@punjabiakhbaar.ca

# ਕੈਲਗਰੀ ਦਾ ਮੇਅਰ ਬਣਦਾ-ਬਣਦਾ ਕੈਵਿਨ ਜੌਹਨਸਟਨ ਜੇਲ ਦੀਆਂ ਸਲਾਖਾ ਪਿੱਛੇ ਜਾ ਪੁੱਜਾ

ਕੈਲਗਰੀ ( ਪੰਜਾਬੀ ਅਖ਼ਬਾਰ ਬਿਊਰੋ) ਕੈਵਿਨ ਜੇ ਜੌਹਨਸਟਨ ਭਾਵੇਂ ਬਹੁਤੇ ਮਹੀਨਿਆਂ ਤੋਂ ਚਰਚਾ ਵਿੱਚ ਹੈ ਪਰ ਅੱਜ ਕੈਲਗਰੀ ਦੀ ਅਦਾਲਤ ਅੰਦਰ ਜੱਜ ਸਾਹਿਵਾਨ ਦੇ ਹੁਕਮਾਂ ਉਪਰੰਤ ਉਹਨਾਂ ਦੀ ਚਰਚਾ ਜੇਲ ਦੀਆਂ ਸਲਾਖਾ ਪਿੱਛੇ ਬੰਦ ਹੋ ਗਈ ਹੈ। 40 ਦਿਨ ਦੀ ਸਜਾ ਦੇ ਨਾਲ ਨਾਲ ਉਸ ਨੂੰ 20,000 ਕਨੇਡੀਅਨ ਡਾਲਰ ਜੁਰਮਾਨੇ ਦੇ ਰੂਪ ਵਿੱਚ ਸਤੰਬਰ 2022 ਤੱਕ ਭਰਨ ਨੂੰ ਵੀ ਕਿਹਾ ਗਿਆ ਹੈ। ਹੈਰਾਨੀ ਵਾਲੀ ਗੱਲ



ਹੈ ਕਿ ਇਹ ਕੈਵਿਨ ਨਾਂ ਦਾ ਬੰਦਾ ਤਾਂ ਕੈਲਗਰੀ ਦਾ ਮੇਅਰ ਬਣਨ ਜਾ ਰਿਹਾ ਸੀ ਇਸ ਨਾਲ ਇਸ ਤਰਾਂ ਕਿਉਂ ਹੋਇਆ ਆਓ ਫਿਰ ਇਹ ਵੀ ਜਾਣ ਲਈਏ।

ਕਰੋਨਾ ਮਹਾਮਾਰੀ ਦੌਰਾਨ ਇਹ ਬੰਦਾ ਨਾਂ ਤਾਂ ਮਾਸਕ ਪਹਿਨਦਾ ਸੀ ਅਤੇ ਨਾਂ ਹੀ ਉਸ ਸਮੇਂ ਲਾਗੂ ਕੀਤੀਆਂ ਕਿਸੇ ਕਿਸਮ ਦੀਆਂ ਪਾਬੰਦੀਆਂ ਦੀ ਪਰਵਾਹ ਕਰਦਾ ਸੀ ਸਗੋਂ ਜਾਣ ਬੁੱਝਕੇ ਉਲੰਘਣਾ ਕਰਦਾ ਸੀ । ਬਿਨਾ ਮਾਸਕ ਸਟੋਰਾਂ ਅੰਦਰ ਦਾਖਿਲ ਹੁੰਦਾ ਸੀ ਜੇ ਕੋਈ ਰੋਕਦਾ ਸੀ ਜਾਂ ਮਾਸਕ ਪਾਉਣ ਲਈ ਕਹਿੰਦਾ ਸੀ ਤਾਂ ਇਹ ਅੱਗਿਓ ਉਸ ਨਾਲ ਲੜਾਈ ਝਗੜਾ ਕਰਦਾ ਸੀ ਅਤੇ ਧਮਕੀਆਂ ਵੀ ਦਿੰਦਾ ਸੀ। ਸਿਹਤ ਅਧਿਕਾਰੀਆਂ ਦੇ ਘਰਾਂ ਅੱਗੇ ਹਥਿਆਰਾਂ ਨਾਲ ਲੈਸ ਹੋਕੇ ਜਾਣ ਦੇ ਡਰਾਵੇ ਦਿੰਦਾ ਸੀ । ਪਰ ਹੁਣ ਕਾਨੂੰਨ ਦੇ ਅੜਿੱਕੇ ਆ ਗਿਆ ਹੈ। ਜੱਜ ਸਾਹਿਵਾਨ ਨੇ ਇਹ ਵੀ ਕਿਹਾ ਹੈ ਕਿ ਜੇਲ ਜਾਣ ਤੋਂ ਪਹਿਲਾਂ ਕੈਵਿਨ ਨੂੰ ਕਰੋਨਾ ਵੈਕਸੀਨ ਦਾ ਟੀਕਾ ਵੀ ਲਗਵਾਉਣਾ ਪਵੇਗਾ ਤਾਂ ਕਿ ਜੇਲ ਅੰਦਰ ਬਾਕੀ ਕੈਦੀਆਂ ਨੂੰ ਕਰੋਨਾ ਦੀ ਮਾਰ ਤੋਂ ਬਚਾਇਆ ਜਾ ਸਕੇ ।



























# ਲਿਖਾਰੀਆਂ ਦੀ ਮੀਟਿੰਗ ਦੌਰਾਨ ਕੈਲਗਰੀ ਦੀਆਂ ਲਿਖਾਰਨ ਔਰਤਾਂ ਦੁਆਰਾ ਕਿਸਾਨ ਅੰਦੋਲਨ ਵਿਚ ਪਾਏ ਮੋਹਰੀ ਯੋਗਦਾਨ ਦੀ ਸ਼ਲਾਘਾ ਹੋਈ




ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਰਾਈਟਰਜ਼ ਫੋਰਮ ਕੈਲਗਰੀ ਦੀ ਮਾਸਕ ਮੀਟਿੰਗ 4 ਸਤੰਬਰ ਨੂੰ ਜ਼ੂਮ ਰਾਹੀਂ ਕੀਤੀ ਗਈ। ਸਕੱਤਰ ਜਸਵੀਰ ਸਿਹੋਤਾ ਨੇ ਸਵਾਗਤੀ ਸ਼ਬਦ ਕਹਿਣ ਉਪ੍ਰੰਤ ਪਿਛਲੇ ਦਿਨੀਂ ਸੁਰਗਵਾਸ ਹੋਏ ਸਾਹਿਤਕਾਰਾਂ - ਇੱਛੂਪਾਲ ਸਿੰਘ, ਐਸ. ਸਾਕੀ ਅਤੇ ਪ੍ਰੋਫੈਸਰ ਅਲੀ ਜਾਵੇਦ - ਨੂੰ ਫੋਰਮ ਦੀ ਤਰਫੋਂ ਸ਼ਰਧਾਂਜਲੀ ਅਰਪਣ ਕੀਤੀ। ਹਰਮਨ ਪਿਆਰੇ ਸਾਹਿਤ ਪ੍ਰੇਮੀ ਪ੍ਰੋ. ਮਹਿੰਦਰ ਸਿੰਘ ਹੱਲਣ ਦੀ ਧਰਮ ਪਤਨੀ ਦੇ ਅਕਾਲ ਚਲਾਣੇ ਤੇ ਦੁੱਖ ਪ੍ਰਗਟ ਕਰਦਿਆਂ ਸ਼ੋਕ-ਮਤਾ ਪਾਸ ਕੀਤਾ ਗਿਆ। ਪੇਸ਼ਕਾਰੀਆਂ ਦੀ ਸ਼ੁਰੂਆਤ ਐਡਮਿੰਟਨ ਤੋਂ ਸ਼ਮਲ ਹੋਏ ਅਮਰਜੀਤ ਸਿਹੋਤੇ ਨੇ ਕਵਿਤਾ-ਗਾਇਨ ਕਰ ਕੇ ਕੀਤੀ । ਗੁਰਦੀਸ਼ ਕੌਰ ਗਰੇਵਾਲ ਨੇ ਅਧਿਆਪਕ ਦਿਵਸ ਨੂੰ ਸਮਰਪਤ ਨਵੀਂ ਕਵਿਤਾ ਸੁਣਾਈ । ਡਾ. ਬਲਵਿੰਦਰ ਕੌਰ ਬਰਾੜ ਨੇ ਮਜ਼ਦੂਰ ਦਿਵਸ ਦੀ ਮਹੱਤਤਾ ਅਤੇ ਅਧਿਆਪਕ ਦੀ ਦੇਣ ਬਾਰੇ ਵਿਦਵਤਾ ਭਰਪੂਰ ਵਿਚਾਰ ਪਰੋਸੇ। ਗੁਰਚਰਨ ਕੌਰ ਥਿੰਦ ਨੇ ਗੁਰੂ ਤੇਗ ਬਹਾਦਰ ਜੀ ਦੇ 400 ਸਾਲਾ ਪ੍ਰਕਾਸ਼ ਉਤਸਵ ਬਾਰੇ ਬੋਲਦਿਆਂ ਸਿੱਖਾਂ ਦੇ ਮਾਰਸ਼ਲ ਕੌਮ ਹੋਣ ਦੇ ਸੰਕਲਪ ਬਾਰੇ ਦੱਸਿਆ ਤੇ ਮਜ਼ਦੂਰ ਦਿਵਸ ਬਾਰੇ ਚਰਚਾ ਕੀਤੀ। ਲੋਕ ਲਹਿਰਾਂ ਦੀ ਵੀਰਾਂਗਣਾ ਰਾਜਵੰਤ ਕੌਰ ਮਾਨ ਨੇ ਅੰਮ੍ਰਿਤਾ ਪ੍ਰੀਤਮ ਦੀ ਜਲ੍ਹਿਆਂਵਾਲਾ ਬਾਗ ਦੇ ਸਾਕੇ ਬਾਰੇ ਕਵਿਤਾ - ਖ਼ੂਨੀ ਸਵੇਰਾ ਅਤੇ ਦੂਜੀ ਕਵਿਤਾ ਕਿਸਾਨ ਅੰਦੋਲਨ ਦੇ ਪ੍ਰਥਾਏ - ਜਾਗ ਪਉ ਹੁਣ - ਪੇਸ਼ ਕਰ ਕੇ ਸੁਨੇਹਾ ਦਿੱਤਾ ਕਿ ਲੋਕ-ਲਹਿਰਾਂ ਕਲਮਾਂ ਨੂੰ ਤਾਕਤ ਦਿੰਦੀਆਂ ਹਨ। ਰਾਮ ਸਰੂਪ ਸੈਣੀ ਨੇ ਹਿੰਦੀ ਗੀਤ, ਸ਼ਮਸ਼ੇਰ ਸਿੰਘ ਸੰਧੂ ਨੇ ਆਪਣੀ ਗ਼ਜ਼ਲ, ਸੁਰਿੰਦਰ ਢਿੱਲੋਂ ਨੇ ਟੇਪ ਕੀਤਾ ਗੀਤ, ਜਸਵੀਰ ਸਿਹੋਤਾ ਨੇ ਆਪਣੀ ਨਜ਼ਮ ਅਤੇ ਜਗਜੀਤ ਰਹਿਸੀ ਨੇ ਚੋਣਵੇਂ ਸ਼ੇਅਰ ਸੁਣਾ ਕੇ ਵੰਨਗੀਆਂ ਮਾਨਣ ਦਾ ਮੌਕਾ ਦਿੱਤਾ। ਅਜਾਇਬ ਸਿੰਘ ਸੇਖੋਂ ਨੇ ਤਨਾਵ ਦੇ ਕਾਰਨਾਂ, ਲੱਛਣਾਂ, ਪੈਣ ਵਾਸੇ ਅਸਰਾਂ ਅਤੇ ਉਪਾਵਾਂ ਬਾਰੇ ਬਹੁਤ ਢੁਕਵੀਂ ਵਾਰਤਕ ਵਿਚ ਤਰਕ-ਪੂਰਨ ਵਿਚਾਰ ਪੇਸ਼ ਕੀਤੇ। ਬਿੱਕਰ ਸਿੰਘ ਸੰਧੂ ਨੇ ਆਪਣੀ ਮੌਲਿਕ ਵਿਵੇਕਪੂਰਨ ਸ਼ੈਲੀ ਰਾਹੀਂ ਅਧਿਆਪਕ ਦੇ ਕਾਰਜਾਂ - ਪੜ੍ਹਾਉਣਾ, ਵਿਆਖਿਆ ਕਰਨੀ, ਪ੍ਰਦਰਸ਼ਨ ਕਰਨਾ, ਉਤਸ਼ਾਹਤ ਕਰਨਾ ਆਦਿ ਉਪਰ ਲੋੜੀਂਦੇ ਵਿਸਥਾਰ ਸਹਿਤ ਚਾਨਣਾ ਪਾਇਆ। ਡਾ. ਮਨਮੋਹਨ ਬਾਠ ਦੀ ਸੁਰੀਲੀ ਆਵਾਜ਼ ਵਿਚ ਗੀਤ ਸਾਰਿਆਂ ਨੂੰ ਕੀਲ ਗਿਆ। ਜਗਦੇਵ ਸਿੱਧੂ ਨੇ ਕੈਲਗਰੀ ਦੀਆਂ ਲੇਖਿਕਾਵਾਂ ਦੁਆਰਾ ਕਿਸਾਨ ਅੰਦੋਲਨ ਵਿਚ ਪਾਏ ਮੋਹਰੀ ਯੋਗਦਾਨ ਦੀ ਰੱਜ ਕੇ ਪ੍ਰਸੰਸਾ ਕੀਤੀ।

# ਕੈਲਗਰੀ ਵਾਸੀ ਸੁਰਿੰਦਰ ਗੀਤ ਦਾ ਕਾਵਿ-ਸੰਗ੍ਰਹਿ 'ਖੇਤਾਂ ਦਾ ਸਫ਼ਰ' ਸਿੰਘੂ ਬਾਰਡਰ ਤੇ ਲੋਕ-ਅਰਪਣ ਹੋਈ




ਸਿੰਘੂ ਬਾਰਡਰ (ਪੰਜਾਬੀ ਅਖ਼ਬਾਰ ਬਿਊਰੋ) 26 ਅਗਸਤ, 2021, ਐਤਵਾਰ ਨੂੰ ਸੁਰਿੰਦਰ ਗੀਤ ਦੀ ਨਵੀਂ ਪੁਸਤਕ 'ਖੇਤਾਂ ਦਾ ਸਫ਼ਰ' ਦਿੱਲੀ ਦੇ ਸਿੰਘੂ ਬਾਰਡਰ ਤੇ ਸੰਯੁਕਤ ਕਿਸਾਨ ਮੋਰਚੇ ਦੇ ਮੰਚ ਤੋਂ ਲੋਕ-ਅਰਪਣ ਕੀਤੀ ਗਈ। ਇਸ ਸਮੇਂ ਸੰਯੁਕਤ ਕਿਸਾਨ ਮੋਰਚੇ ਦੀਆਂ ਜਥੇਬੰਦੀਆਂ ਦੇ ਆਗੂਆਂ ਤੋਂ ਇਲਾਵਾ ਸੰਘਰਸ਼ੀ ਕਿਸਾਨਾਂ ਦਾ ਭਰਵਾਂ ਇਕੱਠ ਸੀ। ਪ੍ਰੋ. ਡਾ.ਅਰਵਿੰਦਰ ਕੌਰ ਕਾਕੜਾ ਨੇ ਕਿਸਾਨ ਆਗੂਆਂ ਨੂੰ ਪੁਸਤਕ ਦੀਆਂ ਕਾਪੀਆਂ ਰਸਮੀ ਤੌਰ ਤੇ ਭੇਟ ਕੀਤੀਆਂ। ਇੱਥੇ ਇਹ ਦੱਸਣਾ ਜ਼ਰੂਰੀ ਹੈ ਕਿ ਇਸ ਮੰਚ ਤੋਂ ਸਿਰਫ਼ ਉਹੀ ਕਿਤਾਬ ਲੋਕ-ਅਰਪਣ ਕੀਤੀ ਜਾਂਦੀ ਹੈ ਜਿਸ ਨੂੰ ਗੰਭੀਰਤਾ ਨਾਲ ਪੜ੍ਹਨ ਉਪ੍ਰੰਤ ਕਿਸਾਨ ਆਗੂ ਪ੍ਰਵਾਨਗੀ ਦੇਣ। 80 ਸਫ਼ਿਆਂ ਦੀ ਇਹ ਕਿਤਾਬ ਕੈਲੀਬਰ ਪਬਲੀਕੇਸ਼ਨ, ਪਟਿਆਲਾ ਨੇ ਛਾਪੀ ਹੈ ਜਿਸ ਦੇ ਆਰੰਭ ਵਿਚ ਮੁੱਖ-ਬੰਦ ਵੱਜੋਂ ਢੁਕਵੇਂ ਸ਼ਬਦ ਪੰਜਾਬੀ ਯੂਨੀਵਰਸਿਟੀ ਦੇ ਪੰਜਾਬੀ ਸਾਹਿਤ ਅਧਿਐਨ ਵਿਭਾਗ ਦੇ ਪ੍ਰੋਫੈਸਰ, ਡਾ. ਮੋਹਨ ਸਿੰਘ ਤਿਆਗੀ ਨੇ ਲਿਖੇ ਹਨ। ਉਸ ਦੀਆਂ ਉਲੇਖਯੋਗ ਸਤਰਾਂ- 'ਸੁਰਿੰਦਰ ਗੀਤ ਦੀ ਇਹ ਕਵਿਤਾ ਕਿਸਾਨ ਮੋਰਚੇ ਦੇ ਇਸ ਇਤਿਹਾਸਕ ਕਾਲ-ਖੰਡ ਨੂੰ ਆਪਣੀ ਅਨੂਠੀ ਕਾਵਿ-ਚੇਤਨਾ ਵਿੱਚ ਬੰਨ੍ਹਣ ਦਾ ਮੋਹਰੀ ਰੋਲ ਅਦਾ ਕਰਦੀ ਹੈ। ਇਨ੍ਹਾਂ ਕਵਿਤਾਵਾਂ ਵਿੱਚ ਪੰਜਾਬ ਦੇ ਕਿਰਤੀ ਕਿਸਾਨ ਲੋਕਾਂ ਦੇ ਮੁੜ੍ਹਕੇ ਅਤੇ ਲਹੂ ਦੀ ਜੀਵੰਤ ਇਬਾਰਤ ਉੱਕਰੀ ਹੋਈ ਹੈ, ਜਿੱਥੋਂ ਇਹ ਕਵਿਤਾ 'ਖੇਤਾਂ ਦੇ ਸਫ਼ਰ' ਦੀ ਅਨੂਠੀ ਗੌਰਵ-ਗਾਥਾ ਵਿੱਚ ਢਲਦੀ ਹੋਈ ਪੰਜਾਬੀ ਸਾਹਿਤ ਦੇ ਖੇਤਰ ਵਿੱਚ ਇੱਕ ਨਵਾਂ ਸੰਵਾਦ ਛੇੜਦੀ ਹੈ।' ਇਸ ਕਾਵਿ-ਸੰਗ੍ਰਹਿ ਵਿੱਚ ਗੀਤ,ਗਜ਼ਲਾਂ ਅਤੇ ਨਜ਼ਮਾਂ ਸ਼ਾਮਲ ਹਨ ਜੋ ਸਮੁੱਚੀਆਂ ਕਿਸਾਨੀ ਧੰਦੇ, ਅਰਥਚਾਰੇ, ਸਭਿਆਚਾਰ ਅਤੇ ਮੌਜੂਦਾ ਇਤਿਹਾਸਕ ਕਿਸਾਨੀ ਸੰਘਰਸ਼ ਬਾਰੇ ਹਨ। ਪੁਸਤਕ ਸਮਰਪਣ ਹੈ-'ਖੇਤਾਂ ਦੇ ਗੌਰਵ ਲਈ \ ਭਾਰਤ ਵਿੱਚ ਚੱਲ ਰਹੇ \ ਕਿਰਤੀ ਕਿਸਾਨ ਸੰਘਰਸ਼ \ ਦੇ ਨਾਂ'। ਲੋਕ-ਅਰਪਣ ਕਰਨ ਸਮੇਂ ਦਾ ਦ੍ਰਿਸ਼ ਮੰਚ ਅਤੇ ਸੰਘਰਸ਼ ਦੇ ਪੱਖ ਤੋਂ ਪੂਰਾ ਢੁਕਵਾਂ ਸੀ। ਕਿਤਾਬ ਦੀਆਂ ਸਾਰੀਆਂ ਕਾਪੀਆਂ ਹੱਥੋ-ਹੱਥ ਵੰਡੀਆਂ ਗਈਆਂ ਅਤੇ ਹੋਰ ਕਾਪੀਆਂ ਦੀ ਮੰਗ ਏਨੀ ਸੀ ਕਿ ਕਾਫ਼ੀ ਗਿਣਤੀ ਵਿੱਚ ਦੁਬਾਰਾ ਭੇਜੀਆਂ ਜਾ ਰਹੀਆਂ ਹਨ। ਉਸ ਸਮੇਂ ਕਈ ਪਾਸਿਆਂ ਤੋਂ ਆਵਾਜ਼ਾਂ ਆਉਂਦੀਆਂ ਰਹੀਆਂ ਕਿ ਬੀਬੀ ਜੀ ਸੁਰਿੰਦਰ ਗੀਤ ਕਿੱਥੇ ਹਨ। ਪਰ ਉਸ ਨੇ ਤਾਂ ਕੈਲਗਰੀ ਰਹਿੰਦਿਆਂ ਵੀ ਇਸ ਪੁਸਤਕ ਦੇ ਜ਼ਰੀਏ ਆਪਣੀ ਇਤਿਹਾਸਕ ਗਵਾਹੀ ਦਰਜ ਕਰਵਾਈ ਹੈ। ਇਸ ਕਿਤਾਬ ਵਿਚਲੀ ਇੱਕ ਕਵਿਤਾ ਦੀਆਂ ਇਹ ਸਤਰਾਂ- 'ਤੇ ਇਹ ਕਵਿਤਾ \ ਹੁਣ ਦਿੱਲੀ ਦੀਆਂ \ ਬਰੂਹਾਂ ਤੇ ਜਾ ਬੈਠੀ ਹੈ'- ਸੱਚ ਹੋ ਗਈਆਂ ਹਨ। ਛੇਤੀ ਹੀ ਇਸ ਕਿਤਾਬ ਦੀਆਂ ਕਾਪੀਆਂ ਕੈਲਗਰੀ ਪਹੁੰਚ ਰਹੀਆਂ ਹਨ।

# ਨਸ਼ਿਆਂ ਤੋਂ ਬਚਣ ਲਈ ਮਾਹਿਰਾਂ ਦੀ ਟੀਮ ਮੁਫਤ ਸਲਾਹ ਦੇਵੇਗੀ

MONTEREY PUNJABI SENIORS ASSOCIATION

MONTEREY PUNJABI SENIORS ASSOCIATION — SENIORS HELPING SENIORS

pchs CALGARY

**Drug Awareness Seminar**

Learn about:

What addiction is

Early warning signs of Addiction

What an overdose is

+ a Q&A session!

September 18, 2021

2pm - 5pm

Monterey Park Community Center - 2707 Catalina Blvd NE Calgary AB

**Speakers**

- Dr. Navneet Singh Khosa
- Constable Pawan Dhaliwal
- Constable Yaadpreet Singh
- Mr. Sajjad Mirza, MSc - Psychologist

For more information call 587-438-0839

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) 18 ਸਤੰਬਰ 2021 ਵਾਲੇ ਦਿਨ ਮੌਨਟਰੀ ਪੰਜਾਬੀ ਸੀਨੀਅਰ ਐਸੋਸੀਏਸ਼ਨ ਵੱਲੋਂ ਡਰੱਗ ਅਵੇਅਰਨੈੱਸ ਸਬੰਧੀ ਇੱਕ ਦਿਨਾ ਸੈਮੀਨਾਰ 2 ਵਜੇ ਤੋਂ ਲੈਕੇ 5 ਵਜੇ ਤੱਕ ਹੋਵੇਗਾ ਜਿਸ ਵਿੱਚ ਸਮਾਰਟ ਕਲੀਨਕ ਤੋਂ ਮਾਹਰ ਡਾਕਟਰ ਨਵਨੀਤ ਸਿੰਘ ਖੋਸਾ,ਪੀ ਸੀ ਐਚ ਐਸ ਵੱਲੋਂ ਸਜਾਦ ਮਿਰਜਾ,ਕੈਲਗਰੀ ਪੁਲਿਸ ਵੱਲੋਂ ਪਵਨ ਧਾਲੀਵਾਲ ਅਤੇ ਯਾਦਪ੍ਰੀਤ ਸਿੰਘ ਨਸ਼ਿਆਂ ਦੀ ਮਾੜੀ ਅਲਾਮਤ ਤੋਂ ਬਚਣ ਦਾ ਰਾਹ ਦੱਸਣਗੇ।ਇਸ ਸਮਾਗਮ ਦੀ ਕੋਈ ਫੀਸ ਨਹੀਂ ਫਰੀ ਦਾਖਲਾ ਹੈ । ਸਗੋਂ ਚਾਹ ਪਾਣੀ ਦਾ ਵੀ ਇੰਤਜਾਮ ਹੋਵੇਗਾ ।ਵਧੇਰੇ ਜਾਣਕਾਰੀ ਲਈ ਸੁਰਜੀਤ ਸਿੰਘ ਹੇਅਰ ਨਾਲ 403 438 0839 ਉੱਪਰ ਵੀ ਸੰਪਰਕ ਕੀਤਾ ਜਾ ਸਕਦਾ ਹੈ।


ਕੋਰੋਨਾ ਵਾਇਰਸ ਦੇ ਚੱਲਦਿਆਂ ਹੁਣ ਤੁਸੀਂ ਰੋਮੀ ਸਿੱਧੂ ਕੋਲੋਂ ਇੰਸ਼ੋਰੈਂਸ ਫੋਨ ਉੱਪਰ ਵੀ ਕਰਵਾ ਸਕਦੇ ਹੋ

Call Romi Sidhu For Insurance & Financial Needs

Desjardins Insurance

StateFarm IS NOW Desjardins Insurance

Monday-Friday 9:00 am to 5:30 PM
Weekends: All Other Times Appointments only

4851 Westwinds Drive NE, Suite 217, Calgary, AB T3J 4L4
B:403-568-4330 C:403 615 7664
Email:romi.sidhu@desjardins.com

* HOME * DISABILTY * VEHICLE FINANCE
* AUTO * RRSP * CRITICAL ILLNESS
* LIFE * RESP * MUTUAL FUNDS

Romi Sidhu, Agent



Trips Booker TRAVEL AGENCY

Airline Tickets/Hotel/Tours/Supers Visa Insurance

TRAVEL NOW AND PAY LATER
We Can Finance For 03 to 12 Months *

LOWEST AIR FARE DEALS
USA, EUROPE, AUSTRALIA, MIDDLE EAST, MAXICO,CUBA, SOUTH AMERICA, CHINA, PHILIPPINES, INDIA, PAKISTAN

We Deals in: ਅਸੀਂ ਹੇਠ ਲਿਖਿਆਂ ਸੇਵਾਵਾਂ ਦਿੰਦੇ ਹਾਂ
• Airline Tickets • ਏਅਰਲਾਈਨਜ਼ ਟਿਕਟ
• Tour Packages • ਟੂਰ ਪੈਕੇਜ਼
• Cruises • ਕਰੂਜਜ
• Travel Insurance • ਟਰੈਵਲ ਇੰਸ਼ੋਰੈਂਸ
• Super Visa Medical Insurance (Monthly Payment Plans) • ਸੁਪਰ ਵੀਜ਼ਾ ਮੈਡੀਕਲ ਇੰਸ਼ੋਰੈਂਸ • (ਮੰਥਲੀ ਪੇਮੈਂਟ ਪਲੈਨਜ)

3650 Westwinds Drive NE, Suite #105, Calgary AB T3J 0W9
E-mail:reservation@Tripsbooker.ca www.Tripsbooker.ca

Calgary : 403 668 4800
Edmonton: 780 936 0045
Winnipeg: 204 410 2179
Regina& Saskatoon: 306 205 1340
Toll free: 1866 266 6500



ਨਵੇਂ ਪੁਰਾਣੇ ਘਰਾਂ ਅੰਦਰ ਕਿਚਨ ਕੈਬਿਨੇਟ ਦਾ ਕੰਮ

ਕੋਈ ਮੈਟਲ ਡੋਰ, ਜਾਂ ਸਾਧਾਰਣ ਡੋਰ ਲਗਾਉਣਾ ਹੈ ਜਾਂ ਮੋਲਡਿੰਗ, ਬੁੱਕ ਸ਼ੈਲਫ, ਪੌੜੀਆਂ ਦੀ ਰੇਲਿੰਗ, ਜਾਂ ਹਾਰਡਵੁੱਡ ਦਾ ਕੰਮ ਕਰਵਾਉਣਾ ਹੈ ਤਾਂ ਸੰਪਰਕ ਕਰੋ।

Specialist In:
All Type of Residential & Commercial Woodwork
Interior Finishing: Kitchen Cabinets:
Railing & Decorating

Manpreet Thind
Ph: (403) 455-1000
www.perfectfinishing.ca

Perfect Finishing Corp.
NewStar Cabinets Ltd.
3341 19 St NE Calgary AB T2E 6S8



BLUE ARTISAN

ACRYLIC STUCCO - EIFS SYSTEM
BRICK WORK - ALL EXTERIOR TREATMENTS

ਅਕਰੈਲਿਕ ਸਟੱਕੋ, ਐਫਿਸ ਸਿਸਟਮ, ਬਰਿੱਕ ਵਰਕ, ਅਤੇ ਘਰਾਂ ਦੀ ਬਾਹਰਲੇ ਹਿੱਸੇ ਨੂੰ ਆਲੋਕਾਰੀ ਦਿੱਖ ਦੇਣ ਲਈ ਸਾਡੀ ਮਾਹਿਰ ਟੀਮ ਤੁਹਾਡੀ ਸੇਵਾ ਵਿੱਚ ਹਾਜਿਰ ਹੈ।

PARDUMAN RAEWAL
Founder & Master Artisan
Direct: 403.616.1825
Email: pamma@blueartisan.ca
Website: www.blueartisan.ca



CHANDIGARH DRIVING SCHOOL
Don't Learn Safety by Accident

Class 1, 3 & 5
Brush up 1, 3 & 5
Certification Courses
Air Brake (Q endorsement)
Advance Training Course
Car & Tractor Trailor for Road Test

RAVINDER SINGH SOHI
Alberta Certified Class 1,3,5 (Driving Instructor)
We Can Speak English, German, Punjabi, Hindi & Urdu
We have 24 years Experience
STOP
Auto & Manual Truck For Training
ਚੰਡੀਗੜ੍ਹ ਡਰਾਈਵਿੰਗ ਸਕੂਲ
ਵਧੀਆ ਸੇਵਾਵਾਂ, ਵਾਜਬ ਕੀਮਤਾਂ
Ph.:403-826-9150
ਸੈਕਟਰ 9 ਚੰਡੀਗੜ੍ਹ ਦੇ ਜੰਮਪਲ ਰਵਿੰਦਰ ਸਿੰਘ ਸੋਹੀ ਨੇ ਖੋਲ੍ਹ ਦਿੱਤਾ
Email : cdscalgary@yahoo.ca



Any Commercial or Domestic disposable items, like sofa, table,chair, bed, mattress, washer, dryer, fridge etc.or any lumber, we will pickup from your constructionsite/residence at a very reasonable rate.

Junk Dump Edmonton
Junk Removal
Call: 780 700 5022

ਕਮਰਸ਼ੀਅਲ ਜਾਂ ਘਰ ਦਾ ਕੋਈ ਵੀ ਪੁਰਾਣਾ ਫਰਨੀਚਰ ਜਿਵੇਂ ਕਿ ਸੋਫੇ, ਟੇਬਲ, ਗੱਦੇ, ਬੈਡ, ਵਾਸ਼ਰ, ਡਰਾਇਅਰ, ਫਰਿੱਜ ਕਿੱਸੇ ਵੀ ਕਿਸਮ ਦਾ ਸਮਾਨ ਹੋਵੇ ਅਸੀ ਆਪ ਤੁਹਾਡੇ ਘਰੋ ਵਾਜਬ ਕੀਮਤਾਂ ਤੇ ਲੈਕੇ ਜਾਵਾਗੇਂ ਤੇ ਉਹਨਾਂ ਨੂੰ ਡਿਸਪੋਜ ਕਰਾਗੇਂ !

# ਸਾਡਾ ਵਿਰਸਾ

## ਅਲੋਪ ਹੋਇਆ ਪਿੰਡਾਂ ਵਿੱਚੋ "ਚੁਰਾਂ " ਤੇ ਰੋਟੀਆਂ ਬਣਾਉਣ ਦਾ ਰਿਵਾਜ




95691-49556
ਸ੍ਰੀ ਮੁਕਤਸਰ ਸਾਹਿਬ

"ਸਵਾਣੀਆਂ ਵਿਆਹਾਂ ਵਿੱਚ ਰੋਟੀਆਂ ਪਕਾਉਂਦੀਆਂ ਨਾ,
ਅਲੋਪ ਹੋਇਆ ਪਿੰਡਾਂ ਵਿੱਚੋਂ ਚੁਰਾਂ ਦਾ ਰਿਵਾਜ ਜੀ।
ਪੈਲੇਸਾਂ ਚ ਕਰ ਲੈਂਦੇ ਉੱਕਾ ਪੁੱਕਾ ਖਾਣਾ ਵਿੱਚੇ,
ਆਪ ਹੋਂ ਸਿਆਣੇ ਬਹੁਤਾ ਖੋਲ੍ਹੀਏ ਕੀ ਪਾਜ ਜੀ।
ਬੀਮਾਰੀਆਂ ਚ ਗ੍ਰਸਿਤ ਹੋਇਆ ਸਾਰਾ ਹੀ ਪੰਜਾਬ ਹੁਣ,
ਰੱਬ ਵੀ ਤਾਂ ਕਿਸੇ ਨਾਲ ਕਰੇ ਨਾ ਲਿਹਾਜ ਜੀ।
ਸੌ ਵਿਚੋਂ ਨੱਬੇ ਬੰਦੇ ਬੁੜੀਆਂ ਬੀਮਾਰ ਰਹਿੰਦੇ ਨੇ ਪੰਜਾਬ ਵਿੱਚ,
ਘੇਰ ਲਿਆ ਦੁੱਖਾਂ ਨੇ ਤਾਂ ਸਾਰਾ ਹੀ ਸਮਾਜ ਜੀ।"

ਬਹੁਤ ਹੀ ਸਤਿਕਾਰਤ ਦੋਸਤੋ ਓਹ ਸਮੇਂ ਬਹੁਤ ਪਿਛਾਂਹ ਰਹਿ ਗਏ ਹਨ, ਜਦੋਂ ਬਿਲਕੁਲ ਇਸ ਤਰ੍ਹਾਂ (ਫੋਟੋ ਵਾਂਗ)ਹਰ ਘਰ ਦੀ ਸਵਾਣੀ ਕਿਸੇ ਵਿਆਹ ਸਾਦੀ ਵਾਲੇ ਘਰ ਇਉਂ ਇਕੱਠੀਆਂ ਹੋ ਕੇ ਚੁਰ ਉੱਪਰ ਰੋਟੀਆਂ ਬਣਾਇਆ ਕਰਦੀਆਂ ਸਨ, ਅਤੇ ਨਾਲੋ ਨਾਲ ਸਗਨਾਂ ਦੇ ਗੀਤ ਵੀ ਗਾਇਆ ਕਰਦੀਆਂ ਸਨ। ਬੇਸ਼ੱਕ ਕਿਸੇ ਗਮ ਦੇ ਮੌਕੇ ਤੇ ਵੀ ਇਉਂ ਹੀ ਪੁਰਾਤਨ ਸਮਿਆਂ ਵਿੱਚ ਰੋਟੀਆਂ ਬਣਾਈਆਂ ਜਾਂਦੀਆਂ ਰਹੀਆਂ ਹਨ ।ਪਰ ਇਸ ਦਾ ਜਮੀਨ ਅਸਮਾਨ ਦਾ ਫਰਕ ਹੁੰਦਾ ਸੀ। ਵਿਆਹ ਵੇਲੇ ਦੋਹੇ ਸਿੱਠਣੀਆਂ ਅਤੇ ਸਗਨਾਂ ਦੇ ਗੀਤ ਗਾਉਣੇ ਹੱਸਣਾ ਖੇਡਣਾ ਅਤੇ ਖੁਸੀ ਜਾਹਿਰ ਕਰਨੀ। ਇਸੇ ਤਰ੍ਹਾਂ ਕਿਸੇ ਮਰਗ ਵਾਲੇ ਘਰ ਵੀ ਇਉਂ ਸਿਆਣੀਆਂ ਸਵਾਣੀਆਂ ਰੋਟੀਆਂ ਬਣਾਇਆ ਕਰਦੀਆਂ ਸਨ,ਪਰ ਮਹੌਲ ਗਮਗੀਨ ਹੁੰਦਾ ਸੀ।

ਇਸ ਤਰ੍ਹਾਂ ਕਰਨ ਨਾਲ ਪੈਲੇਸਾਂ ਦਾ,ਪਰੀਹਾਂ (ਵੇਟਰਾਂ)ਦਾ ਖਰਚਾ ਵੀ ਘਟਦਾ ਸੀ ਤੇ ਭੋਜਨ ਸਵਾਦਲਾ ਤੇ ਬਹੁਤ ਜਿਆਦਾ ਮਸਾਲਿਆਂ ਵਾਲਾ ਵੀ ਨਹੀਂ ਸੀ ਹੁੰਦਾ ਭਾਵ ਬਿਲਕੁਲ ਜਿਵੇਂ ਘਰ ਵਿੱਚ ਚੁੱਲ੍ਹੇ ਤੇ ਬਣਾਏ ਖਾਣੇ ਵਾਂਗ ਹੀ ਜਾਪਦਾ ਸੀ। ਇਸੇ ਤਰ੍ਹਾਂ ਹਰ ਇੱਕ ਆਂਢੀ ਗੁਆਂਢੀ ਨੇ ਆਪੋ-ਆਪਣੇ ਹਿੱਸੇ ਦਾ ਕੰਮ ਬਿਨਾਂ ਕਿਸੇ ਝਿਜਕ ਤੇ ਸਰਮ ਤੋਂ ਕਰਨ ਦਾ ਰਿਵਾਜ ਰਿਹਾ ਹੈ ਆਪਣੇ ਪੰਜਾਬ ਵਿੱਚ ।ਘਰ ਘਰ ਤੋਂ ਮੰਜੇ ਬਿਸਤਰੇ ਇਕੱਠੇ ਕਰਨੇ,ਦੁੱਧ ਇਕੱਠਾ ਕਰਨਾ,ਇਹ ਨੌਜਵਾਨ ਮੁੰਡੇ ਕਰਿਆ ਕਰਦੇ ਸਨ ।ਮੇਲ ਨੂੰ ਜਾਂ ਆਈ ਹੋਈ ਬਰਾਤ ਨੂੰ ਰੋਟੀ ਚਾਹ ਪਾਣੀ ਦੀ ਸੇਵਾ ਨੌਜਵਾਨ ਮੁੰਡੇ ਰਲਮਿਲ ਕੇ ਕਰਦੇ ਰਹੇ ਹਨ। ਬਰਾਤੀਆਂ ਨੂੰ ਬਿਸਤਰੇ ਵਿਛਾ ਕੇ ਦੇਣੇ, ਜੇਕਰ ਸਿਆਲ ਦਾ ਵਿਆਹ ਹੋਣਾ ਤਾਂ ਗਰਮ ਪਾਣੀ ਦਾ ਇੰਤਜਾਮ, ਤੇ ਜੇਕਰ ਗਰਮੀ ਦਾ ਵਿਆਹ ਹੋਣਾ ਤਾਂ ਠੰਡੇ ਨਹਾਉਣ ਵਾਲੇ ਪਾਣੀ ਦਾ ਇੰਤਜਾਮ ਰਲਮਿਲ ਕੇ ਨੌਜਵਾਨ ਆਂਢ ਗੁਆਂਢ ਦੇ ਦੋਸਤ ਮਿੱਤਰ ਹੀ ਕਰਿਆ ਕਰਦੇ ਸਨ। ਬਿਲਕੁਲ ਕੋਈ ਵੀ ਇਸ ਸੇਵਾ ਪ੍ਰਤੀ ਹੀਣ ਭਾਵਨਾ ਮਹਿਸੂਸ ਨਹੀਂ ਸੀ ਕਰਦਾ ਇੱਕ ਦੂਸਰੇ ਤੋਂ ਅੱਗੇ ਹੋ ਹੋ ਕੇ ਸਾਰਾ ਕੰਮ ਹੱਥੀਂ ਕਰਨ ਚ ਫਖਰ ਮਹਿਸੂਸ ਕਰਦੇ ਸਨ। ਜੇਕਰ ਦੋਸਤਾਂ ਵਿਚੋਂ ਕਿਸੇ ਇੱਕ ਜਾਂ ਦੋ ਦੋਸਤਾਂ ਨੇ ਬਹੁਤ ਵਧੀਆ ਸੇਵਾ ਕੀਤੀ ਹੁੰਦੀ ਤਾਂ ਓਨਾਂ ਨੌਜਵਾਨਾਂ ਤੇ ਇਸ ਚੰਗੇ ਕੰਮ ਲਈ ਸਾਰੇ ਪਿੰਡ ਦੇ ਪਤਵੰਤਿਆਂ ਦੀ ਨਜਰ ਹੁੰਦੀ ਸੀ। ਭਾਵੇਂ ਵੱਡੇ ਪਿੰਡ ਦੇ ਦੂਸਰੇ ਪਾਸੇ ਕਿਸੇ ਅਗਵਾੜ ਵਿੱਚ ਵਿਆਹ ਹੋਣਾ ਤਾਂ ਓਨਾਂ ਜਿਆਦਾ ਕੰਮ ਕਰਨ



ਵਾਲਿਆਂ ਨੂੰ ਉਚੇਚੇ ਤੌਰ ਤੇ ਬੁਲਾਇਆ ਜਾਂਦਾ ਰਿਹਾ ਹੈ ਕਿ ਇਹ ਨੌਜਵਾਨ ਜੰਮੇਵਾਰੀ ਪੂਰੀ ਤਨਦੇਹੀ ਨਾਲ ਨਿਭਾਉਂਦੇ ਹਨ। ਤੇ ਵੱਡਿਆਂ ਵੱਲੋਂ ਓਨਾਂ ਨੂੰ ਸਾਬਾਸ ਦਿੱਤੀ ਜਾਂਦੀ ਰਹੀ ਹੈ ।ਇਹੀ ਓਨਾਂ ਸਮਿਆਂ ਵਿੱਚ ਬਹੁਤ ਵੱਡਾ ਇਨਾਮ ਵੀ ਹੋਇਆ ਕਰਦਾ ਸੀ। ਨੌਜਵਾਨਾਂ ਨੇ ਨਾਲੇ ਆਪਣੀ ਜੰਮੇਵਾਰੀ ਨਿਭਾਉਣੀ ਨਾਲੇ ਬਜੁਰਗਾਂ ਦੇ ਪੈਰੀਂ ਹੱਥ ਲਾ ਕੇ ਆਸੀਰਵਾਦ ਲੈਣਾ ।ਇਹ ਓਸ ਸਮੇਂ ਦੇ ਸਮਾਜ ਦਾ ਅਨਿੱਖੜਵਾਂ ਅੰਗ ਰਿਹਾ ਹੈ।

ਹੌਲੀ ਹੌਲੀ ਅਸੀਂ ਤਰੱਕੀ ਦੀਆਂ ਬੁਲੰਦੀਆਂ ਨੂੰ ਛੋਹ ਲਿਆ ਹੈ, ਤੇ ਨਾਲ ਦੇ ਨਾਲ ਹੀ ਹੱਥੀਂ ਕੰਮ ਧੰਦਾ ਕਰਨ ਤੋਂ ਕੰਨੀਂ ਕਤਰਾਉਣ ਲੱਗ ਪਏ ਹਾਂ,ਇਸ ਕਾਰਜ ਵਿੱਚ ਸਾਡੀਆਂ ਬੀਬੀਆਂ ਵੀ ਪਿੱਛੇ ਨਹੀਂ,ਅਮੀਰੀ ਦੀ ਝਲਕ ਵਿੱਚ ਹੀ ਅਸੀਂ ਘਰੀਂ ਵਿਆਹ ਕਰਨੇ ਬਿਲਕੁਲ ਹੀ ਭੁੱਲ ਗਏ ਹਾਂ, ਪੈਲੇਸਾਂ ਵਿੱਚ ਵਿਆਹ ਸਾਦੀਆਂ ਤੇ ਮਰਗ ਦੇ ਭੋਗ ਪਾਉਣ ਲੱਗ ਪਏ ਹਾਂ। ਓਥੇ ਜਾ ਕੇ ਕੀ ਹੁੰਦਾ ਹੈ ਤੇ ਆਪਾਂ ਕੀ ਕਰਦੇ ਹਾਂ,ਇਹ ਗੱਲ ਕਿਸੇ ਤੋਂ ਵੀ ਗੁੱਝੀ ਨਹੀਂ ਹੈ ।ਕੀ ਕਦੇ ਕਿਸੇ ਨੇ ਆਪ ਚੱਕ ਕੇ ਪਾਣੀ ਦਾ ਗਲਾਸ ਵੀ ਪੀਤਾ ਹੈ ਪੈਲੇਸ ਚ ਜਾਕੇ ?ਆਪੋ ਆਪਣੀ ਇਮਾਨਦਾਰੀ ਨਾਲ ਦੱਸੋ ਜਰਾ ? ਫਿਰ ਚੁਰਾਂ ਤੇ ਰੋਟੀਆਂ ਪਕਾਉਣੀਆਂ ਤਾਂ ਬਹੁਤ ਦੂਰ ਦੀ ਗੱਲ ਹੈ ।ਅੱਜ ਅੱਧਿਓਂ ਵੱਧ ਪੰਜਾਬ ਵਾਸੀ ਜਨਾਨੀਆਂ ਚਾਹੇ ਮਰਦ ਬੁਰੀ ਤਰ੍ਹਾਂ ਬੀਮਾਰੀਆਂ ਵਿੱਚ ਲਪੇਟੇ ਹੋਏ ਆਂ ।ਗੋਡੇ ਗਿੱਟੇ ਕੰਮ ਕਰਨੋਂ ਹਟ ਗਏ ਹਨ ।ਸਾਹ ਦਮਾਂ ਕਾਲਾ ਪੀਲੀਆ, ਸੂਗਰ,ਬਲੱਡ ਪਰੈਸਰ,ਪੱਥਰੀ ਆਦਿਕ ਅਨੇਕਾਂ ਹੀ ਹੋਰ ਦੀਆਂ ਹੋਰ ਬੀਮਾਰੀਆਂ ਦਾ ਆਪਾਂ ਸਾਰੇ ਹੀ ਸਕਿਾਰ ਹੋ ਚੁੱਕੇ ਹਾਂ ।ਇਸ ਲਈ ਆਪਾਂ ਆਪ ਤਾਂ ਕੀ ਪਾਣੀ ਦਾ ਗਲਾਸ ਚੱਕ ਕੇ ਆਪ ਪੀਣਾ ਹੈ ਬਲਕਿ ਬੁੱਢੇ ਮਾਂ ਬਾਪ ਨੂੰ ਵੀ ਆਪ ਖੁਦ ਪਾਣੀ ਦਾ ਗਲਾਸ ਫੜਾ ਕੇ ਰਾਜੀ ਨਹੀਂ ਬਲਕਿ ਇਸ ਕਾਰਜ ਲਈ ਵੀ ਅਸੀਂ ਨੌਕਰਾਂ ਤੇ ਨਿਰਭਰ ਹੋ ਚੁੱਕੇ ਹਾਂ ।ਇਹ ਅਜੋਕੇ ਮਾਹੌਲ ਵਿੱਚੋਂ ਸਾਡੀ ਅਮੀਰੀ ਅਤੇ ਸਾਡੇ ਵਿਚੋਂ ਸਾਡੀ ਮੈਂ ਦੀ ਬੋਅ ਆਉਂਦੀ ਹੈ। ਜੇਕਰ ਗਵਾਂਢੀ ਨੇ ਵਿਆਹ ਵਿੱਚ ਦਸ ਸਬਜੀਆਂ ਦਾਲਾਂ ਬਣਾਈਆਂ ਨੇ ਤਾਂ ਮੈਂ ਜੇਕਰ ਬਾਰਾਂ ਵੰਨਗੀਆਂ ਨਾ ਬਣਾਈਆਂ ਤਾਂ ਮੇਰਾ ਨੱਕ ਨਹੀਂ ਰਹਿਣਾ। ਇਸੇ ਤਰ੍ਹਾਂ ਅਜੋਕੇ ਗਮਗੀਨ ਮਾਹੌਲ ਭਾਵ ਮਰਗ ਦੇ ਭੋਗ ਤੇ ਵੀ ਪੰਜ ਪੰਜ ਆਈਟਮਾਂ ਹੋਣੀਆਂ ਸੁਭਾਵਿਕ ਨੇ,ਪਰ ਹੱਥੀਂ ਕੰਮ ਕਰਨ ਵੇਲੇ ਅਸੀ ਅੰਤਾਂ ਦੀ ਸਰਮ ਮਹਿਸੂਸ ਕਰਦੇ ਹਾਂ ।ਇਸ ਲਈ ਬਹੁਤ ਹੀ ਸਤਿਕਾਰਤ ਦੋਸਤੋ ਕਦੇ ਕਦਾਈਂ ਓਹ ਪੁਰਾਤਨ ਪੰਜਾਬ ਦੇ ਓਹ ਸਮੇਂ ਜਦੋਂ ਪਿੰਡਾਂ ਵਿੱਚ ਘਰ ਭਾਵੇਂ ਕੱਚੇ ਸਨ ਪਰ ਉਨ੍ਹਾਂ ਵਿੱਚ ਰਹਿਣ ਵਾਲੇ ਦਿਲਾਂ ਦੇ ਬਹੁਤ ਸਾਫ ਤੇ ਸੱਚੇ ਸਨ ਯਾਦ ਆਉਣਾ ਸੁਭਾਵਿਕ ਹੈ। ਇਸੇ ਲਈ ਤੁਹਾਡੇ ਵਰਗੇ ਸੂਝਵਾਨ ਦੋਸਤਾਂ/ਮਿੱਤਰਾਂ ਜਾਂ ਕਹਿ ਲਈਏ ਪਾਠਕਾਂ ਨਾਲ ਇਹ ਵਿਚਾਰ ਸਾਂਝੇ ਕਰ ਲਈਦੇ ਹਨ ਜੋ ਖੁਦ ਵੇਖੇ ਤੇ ਹੰਢਾਏ ਹਨ।

# ਮੈਂ ਅਤੇ ਮੇਰਾ ਸਾਇਕਲ

ਜੋਗਿੰਦਰ ਸੰਘਾ ਕੈਲਗਰੀ
403 836 2500

ਮੈਂ ਪਿਛਲੇ ਚਾਰ ਪੰਜ ਸਾਲਾਂ ਤੋਂ ਗਰਮੀਆਂ ਵਿੱਚ ਬਾਈਸਾਈਕਲ ਚਲਾਉਣ ਲੱਗਿਆ ਹਾਂ ।ਮੇਰੀ ਕੋਸ਼ਿਸ਼ ਹੁੰਦੀ ਹੈ ਕਿ ਮੈਂ ਰੋਹਜ ਸਵੇਰੇ ਸਵੇਰੇ ਵੀਹ ਪੱਚੀ ਕਿਲੋਮੀਟਰ ਚਲਾ ਕੇ ਆਵਾਂ ।ਕਿਤੇ ਮੌਸਮ ਦੀ ਅਦਲਾ ਬਦਲੀ ਕਾਰਨ ਟਾਇਮ ਅਗਾਂਹ ਪਿਛਾਂਹ ਵੀ ਕਰਨਾ ਪੈਂਦਾ ਹੈ ।ਹਫਤੇ ਚ ਇੱਕ ਦਿਨ ਮੈਂ ਅਤੇ ਮੇਰਾ ਇੱਕ ਦੋਸਤ ਰਲ ਕੇ ਥੋੜੀ ਲੰਬੀ ਵਾਟ ਵੀ ਜਾ ਆਉਂਦੇ ਹਾਂ ਅਤੇ ਉਸ ਦਿਨ ਟਿੱਮ ਹੌਰਟਨ ਤੇ ਬੈਠ ਕੇ ਕਾਫੀ ਵਗੈਰਾ ਪੀਣ ਦਾ ਵੀ ਢਾਨਸ ਬਣਾ ਲਈਦਾ ਹੈ,ਗੱਪ ਛੱਪ ਮਾਰ ਲਈ ਦੇ ਨੇ। ਦੋ ਰਲਿਆ ਨਾਲ ਕਿਸੇ ਦਿਨ ਚਾਲੀ ਕਿਲੋਮੀਟਰ ਦੀ ਵਾਟ ਵੀ ਕਰ ਆਉਨੇ ਹਾਂ ।ਪਰ ਪਿਛਲੇ ਕੁਝ ਕੁ ਸਾਲਾਂ ਤੋਂ ਮੇਰਾ ਜੀਅ ਕਰਦਾ ਸੀ ਕਿ ਕੈਲਗਰੀ ਤੋਂ ਬੈਂਫ ( Banff) ਸੈਂਕਲ ਤੇ ਜਾਈਏ । ਪਿਛਲੇ ਸਾਲ ਤਾਂ ਮੈਂ ਆਪਣੇ ਆਪ ਨਾਲ ਵਾਅਦਾ ਈ ਕਰ ਲਿਆ ਸੀ ਕਿ 2021 ਦੇ ਵਿੱਚ ਜਾਣਾ ਈ ਜਾਣਾ ।ਮੈਂ ਆਪਣੇ ਮਿੱਤਰ ਨੂੰ ਕਈ ਵਾਰ ਟੋਹਇਆ ਕਿ ਆਪਾਂ ਬੈਂਫ ( Banff) ਨੂੰ ਚੱਲੀਏ ਪਰ ਉਹਨੇ ਕੋਈ ਲੱਤ ਹੀ ਨਾ ਲਾਈ।ਕਹਿੰਦਾ ਜਿਹੜੇ ਉਹ ਐਨੀ ਵਾਟ ਕਰਦੇ ਐ ਉਹ ਹੰਢੇ ਵਰਤੇ ਤਜਰਬੇਕਾਰ, ਜਰਵਾਣੇ( professional ,Experienced and good fit cyclists) ਗੋਰੇ ਹੁੰਦੇ ਐ, ਆਪਾਂ ਉਹਨਾਂ ਨਾਲ ਕਿਵੇਂ ਰਲ ਗੇ÷। ਹੁਣ ਗਰਮੀਆਂ ਵੀ ਲੰਘ ਚੱਲੀਆਂ ਸੀ ।ਕੈਲਗਰੀ ਦਾ ਕੀ ਪਤਾ ਐ ਕਿ ਕਿਹੜੇ ਵੇਲੇ ਸਨੋਅ ਪੈ ਜਾਣੀ ਐ। ਨਾਲੇ ਮੇਰੇ ਅਰਗੇ ਦੀ ਉਮਰ ਚ ਕੀ ਪਤਾ ਅਗਲੇ ਸਾਲ ਚ ਤੰਦਰੁਸਤੀ ਦਾ ਪੱਧਰ ( Fitness level) ਇਹੋ ਜਿਹਾ ਹੋਵੇ ਜਾਂ ਨਾ। ਮੈਂ ਮੌਸਮ ਦਾ ਰੁਕ ਜਿਹਾ ਦੇਖ ਕੇ 24 ਅਗਸਤ ਨੂੰ ਤਿਆਰੀ ਖਿੱਚ ਲਈ । ਸਵੇਰੇ ਛੇ ਕੁ ਵਜੇ ਮੂੰਹ ਹਨੇਰੇ ਕੋਰਲ ਸਪਰਿੰਗ (Coralsprings) ਏਰੀਏ ਚੋ ਸੈਂਕਲ ਤੋਰ ਲਿਆ। ਵੈਸੇ ਵੀ ਰੋਜ਼ਾਨਾ ਮੈਂ ਸਵੇਰੇ ਹਨੇਰੇ ਚ ਹੀ ਸਾਇਕਲ ਚਲਾਉਣ ਜਾਂਦਾ ਹਾਂ, ਮੈਂ ਸੇਫਟੀ ਲਈ ਸਾਇਕਲ ਉੱਪਰ ਮੂਹਰੇ ਅਤੇ ਮਗਰ ਲਾਈਟ ਫਿੱਟ ਕੀਤੀ ਹੋਈ ਹੈ ਤੇ ਸ਼ੀਸ਼ਾ ਪਿਛੋਂ ਟਰੈਫਿਕ ਦੇਖਣ ਲਈ ਅਤੇ ਹੈਲਮਟ (Bike Helmet) ਉੱਤੇ ਵੀ ਲਾਈਟ ਲਾਈ ਹੋਈ ਹੈ ।ਨੋਜ਼ ਕਰੀਕ ਪਾਥ ਲੈ ਕੇ ਬੋਅ ਰਿਵਰ ਵਿਸਟ ਪਾਥ ਰਾਹੀਂ ਪਹੁ ਫੁਟਾਲੇ ਹੁੰਦੇ ਨੂੰ ਹੋਮ ਰੋਡ/ 16 ਐਵਨਿਊ ਵਾਲੇ ਟਿੱਮ ਹੌਰਟਨ ਤੋਂ ਕੌਫੀ ਪੀ ਕੇ ਸਾਢੇ ਸੱਤ ਵਜੇ 16 ਐਵਨਿਊ ਵਿਸਟ ( ਟਰਾਂਸ ਕੈਨੇਡਾ 1) ਨੂੰ ਸਾਇਕਲ ਸਿੱਧਾ ਕਰ ਤਾ। ਇੱਥੇ ਉਲੰਪਿਕ ਪਾਰਕ ਕੋਲੇ ਕੰਨਸਟਰਕਸ਼ਨ ਬਹੁਤ ਸੀ ।ਸਪਰਿੰਗਬੈਂਕ ਰੋਡ ਤੱਕ ਹਾਈਵੇ ਦੇ ਨਾਲ ਕੋਈ ਸ਼ੋਲਡਰ ਵੀ ਨਹੀਂ ਸੀ ਹੁਣ ਮੈਂ ਬਹੁਤ ਚੌਕੰਨਾ ਹੋ ਕੇ ( ਨਿਗਾਹ ਮੂਹਰੇ ਮਗਰ ਅਤੇ ਕੰਨ ਖੜ੍ਹੇ ਕਰ ਕੇ) ਸਾਇਕਲ ਦੱਬੀ ਜਾ ਰਿਹਾ ਸੀ। ਉਸ ਟਾਇਮ ਟਰੈਫਿਕ ਵੀ ਬਹੁਤ ਸੀ ।ਸਪਰਿੰਗਬੈਂਕ ਰੋਡ ਲੰਘ ਕੇ ਮੈ ਕਿਹਾ ÷ਹੁਣ ਹਾਈਵੇ ਤੇ ਤੇ ਪੈ ਗਿਆਂ, ਹੁਣ ਨੀ ਡੋਲਦਾ। ਪਹਿਲੀ ਚੜ੍ਹਾਈ (uphill) ਕੌਕਰੇਨ ਟਰਨ ( BB×) ਤੋਂ ਪਹਿਲਾਂ ਆਈ ।ਅੱਧੀ ਕੁ ਝੜਾਈ ਪੈਡਲਾਂ ਉੱਪਰ ਖੜ ਕੇ ਪਾਰ ਕੀਤੀ ।ਪੈਟਰੋ ਕੈਨੇਡਾ ਗੈਸ ਸਟੇਸ਼ਨ ਦੇ ਕੋਲ ਦੀ ਵੀ ਕੰਨ ਜੇ ਵਲੇਟ ਕੇ ਲੰਘ ਗਿਆ ਕਿ ਜੇ ਐਂ ਥਾਂ ਥਾਂ ਤੇ ਬਰੇਕਾਂ ਲੈਣ ਲੱਗਿਆ ਤਾਂ ਵਾਟ ਕਿਵੇਂ ਕੱਢਣੀ ਐ। ਹੁਣ ਮੌਸਮ ਵੀ




ਥੋੜਾ ਠੀਕ ਹੋ ਗਿਆ ਸੀ। ਸਵੇਰੇ ਜਦੋਂ ਤੁਰਿਆ ਸੀ ਤਾਂ ਤਾਪਮਾਨ 5 ਡਿਗਰੀ ਹੀ ਸੀ ਤੇ ਹਵਾ (CEk/h) ਨੌਰਥ ਤੋਂ ਵਗਦੀ ਸੀ। ਹੁਣ ਸਕੌਟ ਹਿੱਲ ( Scott hill) ਕਾਫੀ ਲੰਬੀ ਚੜ੍ਹਾਈ ਸੀ। ਬਹੁਤ ਜੋਰ ਲੱਗਿਆ ਪਰ ਹੌਂਸਲਾ ਕਰ ਕੇ ਖਿੱਚਤੀ ਸੀ । ਅੱਗੇ ਜਦੋਂ ਮੈਂ ਅਤੇ ਮੇਰਾ ਦੋਸਤ ਜਾਨੇ ਹੁੰਨੇ ਆਂ ਤਾਂ ਚੜ੍ਹਾਈ ਆ ਜਾਣੀ ਤਾਂ ਮੈਂ ਉਹਨੂੰ ਹੌਂਸਲਾ ਦੇਣ ਨੂੰ ਉੱਚੀ ਉੱਚੀ ਕਹੀ ਜਾਣਾ ,÷ ਖਿੱਚਦੇ ਖਿੱਚਦੇ, ਜੁਆਨਾ ਖਿੱਚਦੇ,ਕਰ ਲੈ ਜੁਆਨੀ ਚੇਤੇ , ਇਹੋ ਜਿਹੀਆਂ ਚੜ੍ਹਾਈਆਂ ਨੂੰ ਜੁਆਨ ਕੀ ਜਾਣਦੇ ਐ। ਅੱਜ ਮੈਂ ਇਕੱਲਾ ਹੀ ਉਹੀ ਡਾਇਲੌਗ ਆਪਣੇ ਆਪ ਨੂੰ ਕਹਿ ਰਿਹਾ ਸੀ । ਦੋ ਤਿੰਨ ਚੜ੍ਹਾਈਆਂ ਹੋਰ ਵੀ ਆਈਆਂ ਪਰ ਜਦੋਂ ਹੌਂਸਲੇ ਬੁਲੰਦ ਹੋਣ ਤਾ ਚੜ੍ਹਾਈਆਂ ਕੀ ਕਹਿੰਦੀਆਂ !!।ਦੋ ਕੁ ਬਰੇਕਾਂ ਲੈ ਕੇ ਸਾਢੇ ਬਾਰਾਂ ਵਜਦੇ ਨੂੰ ਮੈਂ ਸਾਇਕਲ ਕੈਨਮੋਰ ( Canmore) ਲਾ ਤਾ ।ਹੁਣ ਜੇ ਮੈਂ ਚਾਹੁੰਦਾ ਤਾਂ ਲੈੱਗਸੀ ਟਰੈਲ ਪੈ ਕੇ ਇੱਕ ਘੰਟੇ ਚ ਬੈਂਫ (Banff) ਸੌਖਾ ਈ ਲਾ ਸਕਦਾ ਸੀ ।ਸੋ ਜੀ ਪੀ ਐਸ (GPS) ਅਤੇ ਪਰੋਫੈਸ਼ਨਲ ਸਾਇਕਲਿਸਟਾਂ ਦੇ ਅੰਦਾਜ਼ੇ ਅਨੁਸਾਰ ਅੱਠ ਤੋਂ ਦਸ ਘੰਟੇ ਕੈਲਗਰੀ ਤੋਂ ਬੈਂਫ ਤੱਕ ਲੱਗਦੇ ਹਨ ਮੁਤਾਬਿਕ ਮੈ ਸਾਡੇ ਸੱਤ ਘੰਟਿਆਂ ਚ ਬੈਂਫ ਪਹੁੰਚ ਸਕਦਾ ਸੀ। ਪਰ ਮੈਂ ਅੱਜ ਇੱਥੇ ਕੈਨਮੋਰ ਦੀਆਂ ਲੋਕਲ ਟਰੇਲਾਂ ਦਾ ਆਨੰਦ ਲੈਣਾ ਚਾਹਿਆ । ਹਾਰਵੀ ਹਾਈਟਸ ਦੇ ਸ਼ੈਲੇ ( Harvey heights chelle) ਚ ਰਾਤ ਨੂੰ ਆਰਾਮ ਕੀਤਾ ਅਤੇ ਸਵੇਰੇ ਅੱਠ ਵੱਜਦੇ ਨੂੰ ਸਾਇਕਲ ਲੈੱਗਸੀ ਟਰੇਲ ਤੇ ਪਾ ਲਿਆ। ਲੈੱਗਸੀ ਟਰੇਲ (Legacy trail) ਕੈਨੇਡਾ ਦੀ ਮਸ਼ਹੂਰ ਟਰੇਲ ਹੈ । ਬਹੁਤ ਸੀਨਕ ਟਰੇਲ ਹੈ।ਇਹ ਟਰਾਂਸ ਕੈਨੇਡਾ ਹਾਈਵੇ ਦੇ ਬਰਾਬਰ ਚੱਲਦੀ ਐ ।ਕੈਨਮੋਰ ਟਾਊਨ ਵਿਚੋਂ ਸ਼ੁਰੂ ਹੋ ਕੇ ਬੋਅ ਵਾਲੀ ਪਾਰਕਵੇਅ ਤੱਕ ਤਾਂ 26 ਕਿਲੋਮੀਟਰ ਦੇ ਨੇੜ ਬਣਦੀ ਹੈ ਪਰ ਕੈਨਮੋਰ ਤੋਂ ਬੈਂਫ ਤੱਕ 20 ਕੁ ਕਿਲੋਮੀਟਰ ਹੀ ਹੈ ।ਬੈਂਫ ਵੱਲ ਨੂੰ ਜਾਣ ਨੂੰ ਚੜ੍ਹਾਈ ਹੈ ।ਤੁਹਾਨੂੰ ਪਤਾ ਈ ਹੋਣੈ ਹੈ ਕਿ ਕੈਲਗਰੀ ਵੀ ਦੂਜੇ ਸ਼ਹਿਰਾਂ ਨਾਲੋਂ ਕਾਫ਼ੀ ਉੱਚਾ ਹੈ (10.45 meter elevation) ਬੈਂਫ ਕੈਨੇਡਾ ਦੇ ਸਾਰੇ ਟਾਊਨਾ ਨਾਲੋਂ ਉੱਚਾ ਹੈ (13.83 meter elevation).ਮੈ ਸਵਾ ਕੁ ਘੰਟੇ ਚ ਬੈਂਫ ਪਹੁੰਚ ਗਿਆ।ਓਥੇ ਬੈਂਫ ਐਵੇਨਿਊ ਤੇ ਬਰੇਕਫਾਸਟ ਕਰ ਕੇ ਸਾਇਕਲ ਲੇਕ ਮਨਵਾਂਕਾ(lake Mnewanka) ਨੂੰ ਸਿੱਧਾ ਕਰਤਾ।

ਇਹ ਰਸਤਾ ਲੇਕ ਮਨਵਾਂਕਾ ਸੀਨਕ ਡਰਾਈਵ ਤੋਂ ਜਾ ਕੇ ਲੇਕ ਮਨਵਾਂਕਾ ਟਰੇਲ ਵਿੱਚ ਪੈ ਜਾਂਦਾ ਹੈ , ਕੋਈ 40-45 ਮਿੰਟ ਲੇਕ ਤੱਕ ਜਾਣ ਨੂੰ ਲੱਗਦੇ ਹਨ ।ਉਥੇ ਲੇਕ ਮਨਵਾਂਕਾ ਲੂਪ ਦਾ ਚੱਕਰ ਲਾ ਕੇ ਵਾਪਸ ਬੈਂਫ ਆ ਗਿਆ ।ਥੋੜੀ ਜਿਹੀ ਬਰੇਕ ਲੈ ਕੇ ਵਾਪਸ ਲੈੱਗਸੀ ਟਰੇਲ ਤੇ ਕੈਨਮੋਰ ਨੂੰ ਪੈਣ ਤੋਂ ਪਹਿਲਾਂ ਮੈਨੂੰ ਟੱਨਲ ਮੌਨਟੇਨ ਦਿਸ ਪਿਆ ।ਸਾਇਕਲ ਨੂੰ ਦਰੱਖਤ ਨਾਲ ਲੌਕ ਲਾ ਕੇ ਇਸ ਪਹਾੜ ਦੀ ਹਾਈਕਿੰਗ ਕਰਨ ਨੂੰ ਜੀਅ ਕਰ ਆਇਆ ।ਇਹ ਕੋਈ 40-45 ਮਿੰਟ ਦੀ ਹਾਈਕ ਸੀ।ਵਾਪਸ ਲੈੱਗਸੀ ਟਰੇਲ ਕੈਨਮੋਰ ਨੰ ਪਾ ਲਿਆ ।ਹੁਣ ਤਾਂ ਡਾਊਨ ਹਿੱਲ ਹੋਣ ਕਰਕੇ 35 ਕੁ ਮਿੰਟਾਂ ਚ ਕੈਨਮੋਰ ਆ ਗਿਆ ।ਸ਼ਾਮ ਨੂੰ ਕੈਨਮੋਰ ਦੀਆਂ ਲੋਕਲ ਟਰੇਲਾਂ ਅਤੇ ਥਰੀਅ ਸਿਸਟਰ ਡਰਾਈਵ ਤੋਂ ਥਰੀਅ ਸਿਸਟਰ ਪਾਰਕਵੇਅ ਤੇ ਪੈ ਕੇ ਗਰਾਸੀ ਲੇਕ ਦਾ ਵੀ ਚੱਕਰ ਲਾ ਦਿੱਤਾ ।ਜਦੋਂ ਕੈਲਗਰੀ ਤੋਂ ਤੁਰਿਆ ਸੀ ਤਾਂ ਕੈਲਗਰੀ ਤੋਂ ਬੈਂਫ ਦਾ ਬਾਈਕ ਟੂਰ ਹੀ ਸੋਚਿਆ ਸੀ ਪਰ ਅੱਜ ਜਦੋਂ ਬੈਂਫ ਚ ਸੀ ਤਾਂ ਬਿੰਦੇ ਬਿੰਦੇ ਮੋਰੇਨ ਲੇਕ (Moraine lake) ਤੇ ਜਾਣ ਨੂੰ ਜੀਅ ਕਰਦਾ ਸੀ ।ਉਥੇ ਕਾਰ ਪਾਰਕ ਦੀ ਮੁਸ਼ਕਲ ਕਰ ਕੇ ਥੋਨੂੰ ਪਾਰਕ ਐਂਡ ਰਾਈਡ ਲਾਟ ਤੇ ਕਾਰ ਪਾਰਕ ਲਾ ਕੇ ਬੱਸ ਲੈ ਕੇ ਜਾਣਾ ਪੈਂਦਾ ਹੈ ।ਮੈਂ ਸੋਚਿਆ ਮੈਂ ਕਿਹੜਾ ਕਾਰ ਪਾਰਕ ਕਰਨੀ ਐ, ਕਿਉਂ ਨਾ ਇਹ ਵੀ ਰੂਟ ਕੱਢ ਈ ਦੇਵਾਂ। ਸਾਈਕਲ ਤੇ ਇਹੋ ਜਿਹੇ ਟੂਰ ਕਿਹੜਾ ਰੋਜ ਲੱਗਦੇ ਐ। ਬੁੱਧਵਾਰ ਦੀ ਰਾਤ ਆਰਾਮ ਕਰਕੇ ਸਵੇਰੇ ਸੱਤ ਵਜੇ ਸਾਇਕਲ ਫੇਰ ਲੈੱਗਸੀ ਟਰੇਲ ਤੇ ਪਾ ਲਿਆ ।ਬੈਂਫ ਆ ਕੇ ਬੋਅ ਵਾਲੀ ਪਾਰਕਵੇਅ (11) ਪਾ ਕੇ ਜੌਹਨਸਟਨ ਕੈਨਿਅਨ (Johnston Canyon) ਕੋਲੋਂ ਲੰਘ ਕੇ ਸਵ ਕੁ ਤਿੰਨ ਘੰਟਿਆਂ ਚ ਸਾਇਕਲ ਲੇਕ ਲੂਈਜ਼(Lake Louise) ਲੇਕ ਤੇ ਜਾ ਚਾੜ੍ਹਿਆ ।ਲੇਕ ਲੂਈਜ਼ ਡਰਾਈਵ ਵੀ ਸਟੌਪ ਸਾਈਨ ਲੰਘ ਕੇ ਲੇਕ ਵੱਲ ਨੂੰ ਸਿੱਧੀ ਚੜ੍ਹਾਈ ਸੀ ਪਰ ਹੌਸਲਾ ਕਰ ਕੇ ਲੇਕ ਤੇ ਪਹੁੰਚ ਹੀ ਗਿਆ ।ਬਹੁਤ ਇਕੱਠ (Rush) ਸੀ ਏਥੇ ਲੇਕ ਅਤੇ ਸ਼ਿਆਟੋ ਲੇਕ ਲੂਈਜ਼ ਹੋਟਲ (Chateau lake louise hotel) ਕੋਲੇ।ਸਭ ਕਾਰਾਂ ਨੂੰ ਵਾਪਸ ਮੋੜ ਰਹੇ ਸੀ ਕਿ ਬੱਸ ਲੈ ਕੇ ਆਓ। ਮੈਂ ਅੱਧਾ ਕੁ ਘੰਟਾ ਫਿਰ ਤੁਰ ਕੇ ਕੁਦਰਤ ਦੇ ਨਜ਼ਾਰਿਆਂ ਦਾ ਆਨੰਦ ਮਾਣਿਆ ਅਤੇ ਲੇਕ ਲੂਈਜ਼ ਡਰਾਈਵ ਪੈ ਕੇ ਮੋਰੇਨ ਲੇਕ ਡਰਾਈਵ ਤੇ ਸਾਇਕਲ ਮੋੜ ਲਿਆ ।ਮੈਨੂੰ ਪਤਾ ਵੀ ਸੀ ਕਿ ਇਹ ਰੋਡ ਦੀ ਚੜ੍ਹਾਈ ( uphill) ਬਹੁਤ ਔਖੀ ਹੈ ।ਪਰ ਮੈਂ ਇਹ ਮੁਸ਼ਕਲ ਵੀ ਸਰ ਕਰਨਾ ਚਾਹੁੰਦਾ ਸੀ ।ਇਹ 15 ਕੁ ਕਿਲੋਮੀਟਰ ਦੀ ਇਹ ਸ਼ੜਕ ਦੀ ਚੜ੍ਹਾਈ ਐਨੀ ਸੀ ਕਿ ਮੈਂਨੂੰ ਸਾਇਕਲ ਤੋਂ ਉੱਤਰ ਕੇ ਸਾਇਕਲ ਰੇੜਨਾ ਪਿਆ । ਮੇਰੀ ਇੱਕ ਲੀਟਰ ਪਾਣੀ ਦੀ ਬੋਤਲ ਮੈਂ ਸਾਰੀ ਪੀ ਗਿਆ । ਇਹ 15 ਕਿਲੋਮੀਟਰ ਦੇ ਰਸਤੇ ਤੇ ਮੈਨੂੰ ਘੰਟੇ ਤੋਂ ਵੀ ਵੱਧ ਲੱਗ ਗਿਆ ।ਮੋਰੇਨ ਲੇਕ ਤੇ ਪਹੁੰਚ ਕੇ ਸਾਹ ਲਿਆ ਅਤੇ ਆਪਣੇ ਆਪ ਨੂੰ ਕਿਹਾ ਕਿ ÷ ਮੈ ਇਹ ਮੋਰਚਾ ਵੀ ਜਿੱਤ ਹੀ ਲਿਆ ( I did it) .ਅੱਧਾ ਕੁ ਘੰਟਾ ਫਿਰ ਤੁਰ ਕੇ ਲੇਕ ਦੇ ਸੀਨਕ ਨਾਜ਼ਾਰਿਆਂ ਦਾ ਆਨੰਦ ਮਾਣਿਆ ।ਮੋਰੇਨ ਲੇਕ ਪਹਾੜਾਂ ਦੀ ਬਰਫ ਦੇ ਪਾਣੀ ਦਾ ਠੰਢਾ ਸੋਮਾ ਹੈ ( It is Glacially fed lake) ਗਰਮੀਆਂ ਵਿੱਚ ਮੋਰੇਨ ਲੇਕ ਦੇ ਗਲੇਸ਼ੀਅਰ ਪਾਣੀ ਦੇ ਬਦਲਦੇ ਰੰਗਾਂ ( ਨੀਲਾ, ਹਰਾ) ਕਰਕੇ ਕੈਨੇਡਾ ਦੀ ਮਸ਼ਹੂਰ ਲੇਕ ਹੈ (known for the most amazing colors that changes through the Summer as glacier melts) ਇਹ ਲੇਕ 18.84 ਮੀਟਰ ਐਲੀਵੇਸ਼ਨ ਦੀ ਉਚਾਈ ਤੇ ਪਹਾੜਾਂ ਅਤੇ ਟੁੱਟੇ ਪੱਥਰਾਂ ਨਾਲ਼ ਘਿਰੀ ਹੋਈ ਹੈ ।ਹੁਣ ਮੋਰੇਨ ਲੇਕ ਤੋਂ ਵਾਪਸ ਆਉਂਦੇ ਨੂੰ ਸਾਇਕਲ ਕਾਰ ਵਾਂਗੂ ਭੱਜਿਆ ਆਇਆ ।ਇੱਕ ਦੋ ਗੋਰੇ ਸਾਇਕਲਿਸਟ ਚੜ੍ਹਾਈ ਤੇ ਸਾਇਕਲਾਂ ਨੂੰ ਰੇੜੀ ਜਾਂਦੇ ਮਿਲੇ, ਹੌਂਸਲਾ ਅਫਜ਼ਾਈ ਲਈ ਥਮਜ਼ ਅੱਪ ਕੀਤਾ ।ਹੁਣ ਉਤਰਾਈ ਕਰਕੇ ਮੈਂ ਵਾਪਸ 20-25 ਮਿੰਟ ਚ ਆ ਗਿਆ ਜਿਹੜੇ ਰਸਤੇ ਲੇਕ ਲੂਈਜ਼ ਨੂੰ ਗਿਆ ਸੀ ਓਸੇ ਰਸਤੇ ਪਾ ਕੇ ਸ਼ਾਮ ਦੇ ਸਾਢੇ ਸੱਤ ਵਜੇ ਨੂੰ ਸਾਇਕਲ ਵਾਪਸ ਕੈਨਮੋਰ ਲਾ ਦਿੱਤਾ ।ਸ਼ੁੱਕਰਵਾਰ ਨੂੰ ਸਵੇਰੇ 9 ਕੁ ਵਜੇ ਵਾਪਸ ਕੈਲਗਰੀ ਨੂੰ ਮੋੜੇ ਪਾ ਦਿੱਤੇ । ਦੋ ਕੁ ਬਰੇਕਾਂ ਲੈ ਕੇ ਤਿੰਨ ਵਜਦੇ ਨੂੰ ਮੈਂ ਸਾਬਤ ਸਬੂਤ ਘਰੇ ਪਹੁੰਚ ਗਿਆ ।ਮੈਂ ਚਾਰ ਦਿਨਾਂ ਵਿੱਚ ਸਾਢੇ ਚਾਰ ਸੌ ਕਿਲੋਮੀਟਰ ਤੋਂ ਵੱਧ ਕਰ ਆਇਆ ਦੋਸਤਾਂ ਮਿੱਤਰਾਂ ਅਤੇ ਪਰਿਵਾਰ ਨੇ ਇਸ ਜੋਸ਼ ਭਰੀ ਪ੍ਰਾਪਤੀ ਦੀ ਵਧਾਈ ਦਿੱਤੀ ।ਇਸ ਪਹਾੜੀ ਇਲਾਕੇ ਦੇ ਸਾਇਕਲ ਸਫਰ ਨੇ ਮੈਨੂੰ ਖੁਦ ਨੂੰ ਵੀ ਬਹੁਤ ਉਤਸ਼ਾਹਿਤ (Motivate) ਕੀਤਾ ਕਿ ਜੋ ਸੁਣਦੇ ਸੀ ਕਿ ਗੋਰੇ ਸਾਇਕਲਿਸਟ ਬਹੁਤ ਤਜਰਬੇਕਾਰ ਹੁੰਦੇ ਹਨ, ਲੰਬੀਆਂ ਲੰਬੀਆਂ ਵਾਟਾਂ ਕੱਢ ਦਿੰਦੇ ਐ। ਕੀ ਅਸੀਂ ਨੀ ਕਰ ਸਕਦੇ ? ਕਿਉਂ ਨਹੀਂ ? ਬਾਕੀ ਇਹ ਵੀ ਹੈ ਕਿ ਜੋ ਮਨ ਵਿਚ ਆਵੇ ਕਿ ਆਹ ਕਰਨਾ ਐ, ਕਰ ਈ ਲੈਣਾ ਚਾਹੀਦਾ ਹੈ ।ਖਾਸ ਕਰਕੇ ਮੇਰੇ ਵਰਗਿਆਂ ਦੀ ਉਮਰ ਵਿੱਚ । ਕੱਲ੍ਹ ਦਾ ਕੀ ਵਸਾਹ ਐ ! ਕੋਈ ਪਰਵਾਹ ਨਾ ਕਰੋ ਕਿ ਲੋਕੀਂ ਕੀ ਕਹਿਣਗੇ ? ਕਹੀ ਜਾਣ ! ਆਪਣੇ ਆਪ ਨੂੰ ਉਤਸ਼ਾਹਿਤ (Motivate) ਰੱਖੋ। ਜਿਉਂਦੇ ਵਸਦੇ ਰਹੋ ।

# ਆਖਰ ਕਿਉਂ ਫੁੱਟਦੀ ਹੈ ਨਕਸੀਰ (Nosebleed)



ਸੁਖਵਿੰਦਰ ਬਰਾੜ
91-86996-17609

ਨੱਕ ਵਿੱਚੋਂ ਅਚਾਨਕ ਬਗੈਰ ਕਿਸੇ ਕਾਰਨ ਖੂਨ ਦੇ ਵਗਣ ਨੂੰ ਨਕਸੀਰ ਕਿਹਾ ਜਾਂਦਾ ਹੈ।
ਆਉ ਜਾਣੀਏ ਨਕਸੀਰ ਕਿਉਂ ਵਗਦੀ ਹੈ?
ਇਸ ਦੇ ਕੀ ਕਾਰਨ ਹੋ ਸਕਦੇ ਹਨ ?
ਡਾਕਟਰੀ ਸੋਚ ਕੀ ਕਹਿੰਦੀ ਹੈ ?
ਇਸ ਦਾ ਤੁਰੰਤ ਇਲਾਜ ਕਿਵੇਂ ਕਰੀਏ ?
ਕੀ ਇਸਦਾ ਪੱਕਾ ਇਲਾਜ ਵੀ ਹੈ ?

ਸਾਡੇ ਨੱਕ ਅੰਦਰ ਬਹੁਤ ਸੂਖਸ਼ਮ ਨਾੜੀਆਂ ਹੁੰਦੀਆਂ ਹਨ ਜਿਹਨਾਂ ਵਿੱਚ ਖੂਨ ਦਾ ਵਹਾਅ ਲਗਾਤਾਰ ਹੁੰਦਾ ਰਹਿੰਦਾ ਹੈ। ਜਦੋਂ ਇਹ ਨਾੜੀਆਂ ਕਿਸੇ ਕਾਰਨ ਕਮਜ਼ੋਰ ਹੋ ਜਾਂਦੀਆਂ ਹਨ ਤਾਂ ਇਹ ਛੋਟੇ ਮੋਟੇ ਕਾਰਨਾਂ ਜਿਵੇਂ ਕਿ ਸੁੱਕੀ ਹਵਾ ਵਿੱਚ ਸਾਹ ਲੈਣਾ, ਬਲੱਡ ਪ੍ਰੈਸ਼ਰ ਵਧਣਾ, ਜ਼ੋਰ ਨਾਲ ਨੱਕ ਬਲੋ ਕਰਨਾ,ਛਿੱਕ ਮਾਰਨਾ, ਉਂਗਲ ਮਾਰ ਬੈਠਣਾ ਆਦਿ ਨਾਲ ਨਕਸੀਰ ਫੁੱਟ ਜਾਂਦੀ ਹੈ। ਇਹ ਸਭ ਡਾਕਟਰੀ ਸੋਚ ਮੁਤਾਬਕ ਸਹੀ ਵੀ ਲਗਦਾ ਹੈ। ਇਹ ਸਾਰੇ ਪਹਿਲੂ ਧਿਆਨ ਵਿਚ ਰਖਦੇ ਹੋਏ ਇਹਨਾਂ ਦਾ ਇਲਾਜ ਵੀ ਤੁਰੰਤ ਕੀਤਾ ਜਾ ਸਕਦਾ ਹੈ।

ਮਗਰ ਨਕਸੀਰ ਵਗਣ ਦਾ ਅਸਲੀ ਕਾਰਨ ਕੋਈ ਹੋਰ ਹੀ ਹੈ। ਜਿਸ ਦਾ ਜਿਕਰ ਮੈਂ ਅੱਗੇ ਚਲ ਕੇ ਕਰਾਂਗਾ।

ਕੀ ਕਰਨਾ ਚਾਹੀਦਾ ਹੈ ਜੇ ਨਕਸੀਰ ਅਚਾਨਕ ਫੁੱਟ ਜਾਵੇ?
ਨੱਕ ਨੂੰ ਅੰਗੂਠੇ ਤੇ ਪਹਿਲੀ ਉਂਗਲ ਨਾਲ ਦਬਾ ਕੇ ਰੱਖੋ। ਸਾਹ ਮੂੰਹ ਨਾਲ ਲਵੋ ।
ਆਪਣਾ ਸਿਰ ਅੱਗੇ ਨੂੰ ਝੁਕਾ ਕੇ ਰੱਖੋ।
ਕਦੇ ਭੁੱਲ ਕੇ ਵੀ ਨੱਕ ਬਲੋ ਨਾ ਕਰੋ।
ਕਿਸੇ ਰੁਮਾਲ ਵਿਚ ਬਰਫ਼ ਲਪੇਟ ਕੇ ਨੱਕ ਉੱਪਰ ਰੱਖੋ (Ice pack) ਇਸ ਤਰ੍ਹਾਂ ਕਰਨ ਨਾਲ ਨਾੜੀਆਂ ਤੁਰੰਤ ਘੁੱਟੀਆਂ ਜਾਂਦੀਆਂ ਹਨ ਤੇ ਖੂਨ ਵਗਣਾ ਬੰਦ ਹੋ ਜਾਂਦਾ ਹੈ।
ਠੰਡਾ ਪਾਣੀ ਵੀ ਪੀਓ। ਇਸ ਨਾਲ dehydration ਦੂਰ ਹੋਵੇਗੀ।
ਜ਼ਿਆਦਾ ਹੀਟ ਵਾਲੇ ਕਮਰੇ ਵਿੱਚ ਹੁਮਦਿਾਇਰ ਦੀ ਵਰਤੋਂ ਕਰੋ ਤੇ ਇਸ ਨੂੰ ਸਾਫ਼ ਕਰਨਾ ਨਾ ਭੁੱਲੋ।
ਨੱਕ ਦੀਆਂ ਦੋਨੋ ਨਾਸਾਂ ਵਿਚ ਨਾਰੀਅਲ ਦਾ ਤੇਲ ਪਾਓ ।ਇਹ ਇਕ ਬਹੁਤ ਵਧੀਆ moisturizer ਹੈ ਤੇ ਨੱਕ ਦੀ ਨਮੀ ਬਣਾ ਕੇ ਰੱਖਦਾ ਹੈ।
ਲੂਣ ਵਾਲੇ ਪਾਣੀ ਨਾਲ ਜਲਨੇਤੀ ਜ਼ਰੂਰ ਕਰਿਆ ਕਰੋ ਖਾਸ ਕਰਕੇ ਸੌਣ ਵਕਤ ।
ਹਮੇਸ਼ਾ ਸਿੱਧਾ ਬੈਠੋ, ਕਦੇ ਵੀ ਲੰਬੇ ਨਾ ਲੇਟੋ ਨਕਸੀਰ ਵਗਣ ਵੇਲੇ।
ਸੇਬ ਦੇ ਸਿਰਕੇ ਦਾ ਪ੍ਰਯੋਗ ਕਰੋ। ਰੂੰ ਦਾ ਫੰਭਾ ਸਿਰਕੇ ਵਿਚ ਡਬੋ ਕੇ ਵਗਦੀ ਨਸ ਵਿਚ ਪਾਓ। ਨਕਸੀਰ ਤੁਰੰਤ ਬੰਦ ਹੋ ਜਾਵੇਗੀ। ਸਿਰਕਾ ਨਾੜੀਆਂ ਨੂੰ constrict ਕਰਦਾ ਹੈ ।

ਮਾਨੋ ਯਾ ਨਾ ਮਾਨੋ ਲਾਲ ਮਿਰਚਾਂ ਤਾਂ ਨਕਸੀਰ ਰੋਕਣ ਲਈ ਚਮਤਕਾਰ ਹੀ ਕਰਦੀਆਂ ਹਨ। ਇਹਨਾਂ ਨੂੰ ਨੱਕ ਵਿਚ ਪਾਉਣਾ ਨਹੀਂ ਬਲ ਕਿ ਅੱਧਾ ਚਮਚਾ ਲਾਲ ਮਿਰਚਾਂ ਇਕ ਗਿਲਾਸ ਪਾਣੀ ਵਿਚ ਘੋਲ ਕੇ ਪੀਓ । ਤੁਸੀਂ ਦੇਖਿਆ ਹੋਵੇਗਾ ਜਦੋਂ ਕੁੱਤਾ ਕਿਸੇ ਬੱਚੇ ਨੂੰ ਵੱਢ ਜਾਂਦਾ ਸੀ ਤਾਂ ਤੁਰੰਤ ਲਾਲ ਮਿਰਚਾਂ ਜ਼ਖਮ ਤੇ ਭੁੱਕੀਆਂ ਜਾਂਦੀਆਂ ਸਨ ਤੇ ਖੂਨ ਵਗਣਾ ਬੰਦ ਹੋ ਜਾਂਦਾ ਸੀ।
ਅਸਲ ਵਿਚ ਨਕਸੀਰ ਵਗਣ ਪਿੱਛੇ ਸਚਾਈ ਕੀ ਹੈ ? ਹੈਲਦੀ ਲਾਈਫ਼ਸਟਾਈਲ ਅਨੁਸਾਰ ਕੀ ਹੈ ਇਸ ਦਾ ਰਾਜ ?
ਨੱਕ ਵਿੱਚ ਅਨੇਕਾਂ ਬਹੁਤ ਹੀ ਬਰੀਕ ਬਲੋਂਦ vessels ਸੂਖਸ਼ਮ ਨਾੜੀਆਂ ਹੁੰਦੀਆ ਹਨ ਤੇ ਇਹ ਨਾੜੀਆਂ ਚੋਲਲਅਗੲਨ ਤੋਂ ਬਣਦੀਆ ਹਨ ਤੇ ਚੋਲਲਅਗੲਨ ਵਿਟਾਮਿਨ ਸੀ ਤੋਂ ।
ਦੂਸਰਾ ਕਾਰਨ ਵਿਟਾਮਿਨ ਕੇ ਦੀ ਗੰਭੀਰ ਘਾਟ ਦਾ ਹੋਣਾ । ਕਿਉਂਕਿ K for koagulation or coagulation ਇਸ ਦਾ ਮਤਲਬ ਹੈ ਕਿ ਖੂਨ ਵਗਣ ਤੋਂ ਰੋਕਣਾ ।
ਕਿਹੜੇ ਕਿਹੜੇ ਫ਼ਲ ਸਬਜੀਆਂ ਤੋਂ ਮਿਲਦਾ ਹੈ ਵਿਟਾਮਿਨ ਸੀ ?
ਨਿੰਬੂ, ਸੰਗਤਰਾ, ਸ਼ਿਮਲਾ ਮਿਰਚ, ਪਾਈਨਐਪਲ, ਪਪੀਤਾ, ਬਰੱਸਲ ਸਪਰਾਊਟ, ਕਿਵੀ, ਸਟਰਾਬੈਰੀ ਆਦਿ । ਵਿਟਾਮਿਨ ਸੀ ਦੀਆਂ ਚੂਸਣ ਵਾਲੀਆਂ ਗੋਲੀਆਂ ਤੇ ਪਾਊਡਰ ਵੀ ਮਿਲਦਾ ਹੈ।



ਵਿਟਾਮਿਨ ਕੇ ਹਰੀਆ ਪੱਤੇਦਾਰ ਸਬਜ਼ੀਆਂ ਜਿਵੇਂ ਪਾਲਕ, ਬਰੌਕਲੀ, ਸਰ੍ਹੋਂ ਦਾ ਸਾਗ, ਕੇਲ, ਕੌਲਰਡ ਗਰੀਨ ਆਦਿ ਵਿਚੋਂ ਭਰਪੂਰ ਮਿਲਦਾ ਹੈ ।
ਇਸ ਤੋਂ ਇਲਾਵਾ ਵਿਟਾਮਿਨ ਕੇ ਦੇ ਕੈਪਸੂਲ ਵੀ ਮਿਲਦੇ ਹਨ।
ਦੋਸਤੋ "ਇਲਾਜ ਨਾਲੋਂ ਪ੍ਰਹੇਜ ਚੰਗਾ" ਸਾਡਾ ਭੋਜਨ ਹੀ ਮੈਡੀਸਨ ਹੈ ।
ਪ੍ਰਹੇਜ ਕਰਨਾ ਹੈ ਤਾਂ ਰਸਾਇਣਕ ਦਵਾਈਆਂ ਤੋਂ ਪ੍ਰਹੇਜ ਕਰੋ। ਕੁਦਰਤ ਨਾਲ ਜੁੜੋ। ਧਰਤੀ ਮਾਤਾ ਦੀਆਂ ਦਾਤਾਂ ਦਾ ਆਨੰਦ ਮਾਣੋ । ਆਰਗੈਨਿਕ ਫ਼ਲ ਸਬਜੀਆਂ ਵੱਧ ਤੋਂ ਵੱਧ ਖਾਉ।
ਯਹ ਤੋ ਇਕ ਬਹਾਨਾ ਹੈ , ਵਾਪਸ ਘਰ ਭੀ ਜਾਣਾ ਹੈ।

ਨਕਸੀਰ ਬਾਰੇ ਲੇਖ ਲਿਖਣਾ ਤਾਂ ਇਕ ਬਹਾਨਾ ਹੈ । ਨਕਸੀਰ ਫੁੱਟਣਾ ਤਾਂ ਇਕ (symptom) ਨਿਸ਼ਾਨੀ ਹੈ ਬਹੁਤ ਵੱਡੀ ਸਮੱਸਿਆ ਦੀ । ਦਿਲ, ਦਿਮਾਗ ਦੀਆਂ ਨਾੜੀਆਂ ਵੀ ਚੋਲਲਅਗੲਨ ਤੋਂ ਹੀ ਬਣਦੀਆਂ ਹਨ । ਜੇਕਰ ਠੀਕ ਸਮੇਂ ਨਕਸੀਰ ਦਾ ਪੱਕਾ ਇਲਾਜ ਨਾ ਕੀਤਾ ਗਿਆ ਤਾਂ ਉਹ ਦਿਨ ਦੂਰ ਨਹੀਂ ਜਦੋਂ ਦਿਲ , ਦਿਮਾਗ ਦੇ ਰੋਗਾਂ ਦਾ ਸਾਹਮਣਾ ਕਰਨਾ ਪੈ ਜਾਵੇ। ਬਹੁਤ ਸਾਰੇ ਬਰਅਨਿ ਸਟਰੋਕਏ ਦਿਮਾਗ ਵਿਚ ਅੰਦਰਲੀ ਬਲੀਡਿੰਗ ਨਾਲ ਹੀ ਹੁੰਦੇ ਹਨ।
ਹੈਲਥ ਸਬੰਧੀ ਲੇਖ ਪੜ੍ਹਣ ਦੀ ਆਦਤ ਪਾਓ, ਆਪ ਵੀ ਪੜ੍ਹੋ ਤੇ ਆਪਣੇ ਰਿਸ਼ਤੇਦਾਰਾਂ,ਦੋਸਤਾਂ ਨੂੰ ਵੀ ਪੜ੍ਹਾਓ । ਤੰਦਰੁਸਤ ਰਹਿਣਾ ਤੁਹਾਡਾ ਮੁੱਢਲਾ ਅਧਿਕਾਰ ਹੈ । ਤੰਦਰੁਸਤ ਜੀਵਣਸ਼ੈਲੀ ਅਪਣਾਓ, ਖੁਸ਼ ਰਹੋ ਤੇ ਖੁਸ਼ੀਆਂ ਵੰਡੋ।

# ਕੈਲਗਰੀ ਦੇ ਤਿੰਨ ਸਕੂਲਾਂ ਨੂੰ ਕਰੋਨਾ ਨੇ ਆਪਣੀ ਲਪੇਟ ਵਿੱਚ ਲੈ ਲਿਆ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਦੇ 3 ਸਕੂਲਾਂ ਵਿੱਚ ਕੋਰੋਨਾ ਵਾਇਰਸ ਦੀ ਸੰਭਾਵਿਤ ਆਊਟਬ੍ਰੇਕ ਦੀ ਸੂਚਨਾ ਦਰਮਿਆਨ ਇਸ ਦੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ। ਦੱਸਿਆ ਜਾ ਰਿਹਾ ਹੈ ਕਿ ਹਰੇਕ ਸਕੂਲ ਵਿੱਚ ਘੱਟੋ ਘੱਟ 10% ਵਿਦਿਆਰਥੀਆਂ ਅਤੇ ਸਟਾਫ਼ ਮੈਂਬਰਾਂ ਨੂੰ ਇਸ ਵਾਇਰਸ ਨੇ ਆਪਣੀ ਲਪੇਟ ਵਿੱਚ ਲੈ ਲਿਆ ਹੈ। ਮਾਪਿਆਂ ਨੂੰ ਮੁੜ ਚਿੰਤਾ ਸਤਾਉਣ ਲੱਗੀ ਹੈ ਕਿ ਸਕੂਲ ਇੱਕ ਵਾਰ ਫਿਰ ਬੰਦ ਹੋ ਸਕਦੇ ਹਨ। ਕੈਲਗਰੀ ਬੋਰਡ ਔਫ਼ ਐਜੁਕੇਸ਼ਨ ਨੇ ਇਸ ਗੱਲ ਦੀ ਪੁਸ਼ਟੀ ਕਰ ਦਿੱਤੀ ਹੈ ਕਿ ਇਹਨਾਂ ਤਿੰਨਾਂ ਸਕੂਲਾਂ ਵਿੱਚ ਵਾਇਰਸ ਫੈਲਿਆ ਹੈ। ਐਲਬਰਟਾ ਹੈਲਥ ਸਰਵਿਸਿਜ਼ ਵੱਲੋਂ ਇਹਨਾਂ ਮਾਮਲਿਆਂ ਦੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ। ਇਹਨਾਂ ਸਕੂਲਾਂ ਵਿੱਚੋਂ ਇੱਕ ਮਾਰਲਬੋਰੋ ਵਿੱਚ, ਇੱਕ ਡੌਵਰ ਵਿੱਚ ਅਤੇ ਇੱਕ ਸਕੂਲ ਪਾਰਕਡੇਲ ਕਮਿਊਨਿਟੀ ਵਿੱਚ ਦੱਸਿਆ ਗਿਆ ਹੈ।

ਐਲਬਰਟਾ ਦੇ ਸਾਊਥ-ਈਸਟ ਵੱਲ ਸਥਿੱਤ ਮੈਡਿਸਿਨ ਹੈਟ ਦੇ ਪਬਲਿਕ ਸਕੂਲ ਡਿਵਿਯਨ ਨੇ ਦੱਸਿਆ ਹੈ ਕਿ ਉਹਨਾਂ ਦੇ ਅੰਤਰਗਤ ਆਉਂਦੇ ਹਰ ਇੱਕ ਸਕੂਲ ਵਿੱਚ ਕੋਵਿਡ-19 ਦੇ ਕੇਸ ਰਿਪੋਰਟ ਕੀਤੇ ਜਾ ਰਹੇ ਹਨ। ਜਦੋਂ ਕਿਸੇ ਸਕੂਲ ਵਿੱਚ ਘੱਟੋ ਘੱਟ 4 ਕੇਸ ਆਉਣਗੇ ਤਾਂ ਉਥੇ ਆਊਟਬ੍ਰੇਕ ਐਲਾਨੀ ਜਾਵੇਗੀ। ਇਸ ਸਕੂਲ ਡਿਵਿਯਨ ਵਿੱਚ 11 ਐਲਿਮੈਂਟਰੀ ਸਕੂਲ, 3 ਮਿਡਲ ਸਕੂਲ ਅਤੇ 3 ਹਾਇ ਸਕੂਲ ਆਉਂਦੇ ਹਨ ਤੇ 2 ਹਫ਼ਤੇ ਪਹਿਲਾਂ ਹੀ 30 ਅਗਸਤ ਤੋਂ ਸਕੂਲ ਸ਼ੁਰੂ ਹੋਏ ਸਨ। ਪਿਛਲੇ ਹਫ਼ਤੇ ਤੋਂ ਹੀ ਇਹਨਾਂ ਸਾਰੇ ਸਕੂਲਾਂ ਵਿੱਚ ਕੋਵਿਡ-19 ਪੌਜ਼ਿਟਿਵ ਕੇਸ ਆਉਣੇ ਸ਼ੁਰੂ ਹੋ ਗਏ ਸਨ। ਸਕੂਲ ਡਿਵਿਯਨ ਅਧਿਕਾਰੀਆਂ ਦਾ ਕਹਿਣਾ ਹੈ ਕਿ ਲੱਗਦਾ ਹੈ ਕਿ ਆਉਂਦੇ ਦਿਨਾਂ ਵਿੱਚ ਇਹਨਾਂ ਮਾਮਲਿਆਂ ਵਿੱਚ ਵਾਧਾ ਹੋ ਸਕਦਾ ਹੈ ਤੇ ਅਜੇ ਉਹ ਸਕੂਲ ਜਾਰੀ ਰੱਖਣ ਜਾਂ ਨਾ ਰੱਖਣ ਬਾਰੇ ਕੁੱਝ ਵੀ ਨਹੀਂ ਕਹਿ ਸਕਦੇ। ਸਕੂਲਾਂ ਵਿੱਚ ਕੋਵਿਡ-19 ਪੌਜ਼ਿਟਿਵ ਕੇਸਾਂ ਦੀ ਮੌਨਿਟਰਿੰਗ ਬੰਦ ਕੀਤੀ ਗਈ ਹੈ ਜਿਸ ਕਰਕੇ ਇਹਨਾਂ ਵਿੱਚ ਤੇਜ਼ੀ ਆਉਣ ਦਾ ਖ਼ਦਸ਼ਾ ਪ੍ਰਗਟ ਕੀਤਾ ਜਾ ਰਿਹਾ ਹੈ।

# ਅਲਬਰਟਾ ਹੈਲਥ ਕੇਅਰ ਏਡਜ਼ ਦੀ ਤਨਖਾਹ ਅਗਲੇ 13 ਮਹੀਨਿਆਂ ਵਾਸਤੇ 2 ਡਾਲਰ ਪ੍ਰਤੀ ਘੰਟਾ ਵਧਾਈ ਜਾ ਰਹੀ ਹੈ

ਐਡਮੰਟਨ (ਪੰਜਾਬੀ ਅਖ਼ਬਾਰ ਬਿਊਰੋ) ਐਲਬਰਟਾ ਹੈਲਥ ਮਨਿਸਟਰ ਟਾਇਲਰ ਸ਼ੈਂਡਰੋ ਨੇ ਮੀਡੀਆ ਨੂੰ ਦੱਸਿਆ ਕਿ ਸੂਬੇ ਦੇ ਕਈ ਹਸਪਤਾਲਾਂ ਵਿੱਚੋਂ ਮਰੀਜ਼ਾਂ ਨੂੰ ਬਾਹਰ ਭੇਜਿਆ ਜਾ ਰਿਹਾ ਹੈ ਤਾਂ ਕਿ ਉੱਥੇ ਕੋਰੋਨਾ ਵਾਇਰਸ ਦੇ ਮਰੀਜ਼ਾਂ ਲਈ ਥਾਂ ਦਾ ਬੰਦੋਬਸਤ ਕੀਤਾ ਜਾ ਸਕੇ। ਕਈ ਮਰੀਜ਼ਾਂ ਨੂੰ ਉਹਨਾਂ ਦੇ ਘਰ ਅਤੇ ਹੋਰਨਾਂ ਨੂੰ ਇਨ-ਫੈਸਿਲਿਟੀ ਬੇਸਡ ਕੰਟਿਨਿਊਇੰਗ ਕੇਅਰ ਵਿੱਚ ਭੇਜਿਆ ਜਾਵੇਗਾ। ਮਨਿਸਟਰ ਸ਼ੈਂਡਰੋ ਨੇ ਦੱਸਿਆ ਕਿ ਇਹ ਬਦਲਵਾਂ ਪ੍ਰਬੰਧ ਕਰਨਾ ਜ਼ਰੂਰੀ ਹੋ ਗਿਆ ਹੈ ਕਿਉਂਕਿ ਵਾਇਰਸ ਦੀ ਚੌਥੀ ਲਹਿਰ ਤੇਜ਼ੀ ਨਾਲ ਫੈਲ ਰਹੀ ਹੈ। ਸਰਕਾਰ ਵੱਲੋਂ 36 ਮਿਲੀਅਨ ਡਾਲਰ ਦੀ ਨਵੀਂ ਫੰਡਿੰਗ ਜਾਰੀ ਕੀਤੀ ਜਾ ਰਹੀ ਹੈ ਜਿਸ ਨਾਲ ਕਿ ਮੌਜੂਦਾ ਕਰਮਚਾਰੀਆਂ ਦੀਆਂ ਤਨਖਾਹਾਂ ਵਿੱਚ ਵਾਧਾ ਕੀਤਾ ਜਾ ਸਕਦਾ ਹੈ ਤੇ ਵਾਧੂ ਕਰਮਚਾਰੀਆਂ ਦੀ ਭਰਤੀ ਕੀਤੀ ਜਾ ਸਕਦੀ ਹੈ। ਮਨਿਸਟਰ ਨੇ ਦੱਸਿਆ ਕਿ ਕੌਂਟ੍ਰੈਕਟਿਡ ਏਜੰਸੀਆਂ ਦੇ ਹੈਲਥ ਕੇਅਰ ਏਡਜ਼ ਦੀ ਤਨਖਾਹ ਅਗਲੇ 13 ਮਹੀਨਿਆਂ ਵਾਸਤੇ 2 ਡਾਲਰ ਪ੍ਰਤੀ ਘੰਟਾ ਵਧਾਈ ਜਾ ਰਹੀ ਹੈ ਤੇ ਇਸ ਉੱਪਰ 22 ਮਿਲੀਅਨ ਡਾਲਰ ਜਾਰੀ ਕੀਤੇ ਜਾ ਰਹੇ ਹਨ। ਬਾਕੀ 14 ਮਿਲੀਅਨ ਡਾਲਰ ਹੋਮ ਕੇਅਰ ਅਤੇ ਕੰਟੀਨਿਊਇੰਗ ਕੇਅਰ ਫੈਸਿਲਿਟੀਆਂ ਵਿੱਚ ਵਾਧੂ ਕਰਮਚਾਰੀਆਂ ਲਈ ਜਾਰੀ ਕੀਤੇ ਜਾ ਰਹੇ ਹਨ ਤੇ ਇਹ 31 ਮਾਰਚ ਤੱਕ ਲਈ ਕੀਤਾ ਗਿਆ ਹੈ।






# ਖੂਹ ਦੇ ਚੱਕ

ਅਕਸਰ ਹੀ ਲੋਕ ਖੂਹ ਦੀ ਮੌਣ ਤੇ ਖੜਕੇ ਪਾਣੀ ਪੀ ਕੇ ਜਾਂ ਪਾਣੀ ਭਰ ਕੇ ਤੁਰ ਜਾਂਦੇ ਹਨ ਪਰ ਕੋਈ ਨਹੀਂ ਵੇਂਹਦਾ ਕਿ ਇਹ ਖੂਹ ਉਸਰਿਆ ਕਿਸ ਉੱਪਰ ਹੈ। ਸਭ ਤੋਂ ਪਹਿਲਾਂ ਖੂਹ ਦਾ ਚੱਕ ਬਣਦਾ ਸੀ, ਧਰਤੀ ਖੁਰਚ ਖੁਰਚ ਕੇ ਚੱਕ ਥੱਲੇ ਚਲਾ ਜਾਂਦਾ ਤੇ ਚੱਕ ਦੇ ਉੱਤੇ ਖੂਹ ਦੀ ਉਸਾਰੀ ਹੋਈ ਜਾਂਦੀ, ਪਰ ਚੱਕ ਕਿਸੇ ਨੂੰ ਨਜ਼ਰ ਨਹੀਂ ਆਉਂਦਾ। ਇੱਕ ਪੁਰਾਣੀ ਪੰਜਾਬੀ ਲੋਕ

**-ਬੋਲੀ ਚੇਤੇ ਆ ਗਈ**
**" ਸੁਪਨਾ ਹੋ ਗਿਆ ਯਾਰਾ**
**ਵੇ ਖੂਹ ਦੇ ਚੱਕ ਵਾਂਗੂੰ "**

ਅੱਜਕੱਲ੍ਹ ਗਾਇਕੀ ਦਾ ਵੀ ਇਹੋ ਹੀ ਹਸ਼ਰ ਹੈ। ਆਪਣੇ ਸਮੇਂ ਦੇ ਉਹ ਕਲਾਕਾਰ ਜਿਹਨਾਂ ਨੇ ਸੰਗੀਤ ਦੇ ਖੇਤਰ ਵਿੱਚ ਬਹੁਤ ਕੰਮ ਕੀਤਾ। ਅੱਜ ਉਹਨਾਂ ਦਾ ਕੰਮਾਂ ਨੂੰ ਦੁਹਰਾਇਆ ਤਾਂ ਜਾ ਰਿਹਾ ਹੈ ਪਰ ਉਹਨਾਂ ਦੇ ਨਾਮ ਵਿਸਾਰ ਦਿੱਤੇ ਗਏ ਹਨ।

ਹਿੰਦੀ ਫਿਲਮ 'ਦਾਗ' ਵਿਚਲਾ ਪੰਜਾਬੀ ਰੰਗ ਵਿੱਚ ਰੰਗਿਆ ਗੀਤ ''ਨੀ ਮੈਂ ਯਾਰ ਮਨਾਣਾ ਨੀ ਭਾਵੇਂ ਲੋਗ ਬੋਲਣੀ ਬੋਲੇ'' ਨੂੰ ਕੁੱਲ ਆਲਮ ਨੇ ਸੁਣਿਆ ਤੇ ਮਾਣਿਆ ਪਰ ਅੱਜ ਅਸੀਂ ਆਪਣੇ ਚੇਤਿਆਂ ਚੋਂ ਉਸ ਗਾਇਕਾ ਦਾ ਨਾਮ ਵਿਸਾਰ ਦਿੱਤਾ ਐ।

ਉਹ ਆਵਾਜ਼ਾਂ ਸਨ ਲਤਾ ਮੰਗੇਸ਼ਕਰ ਅਤੇ ਮੀਨੂੰ ਪ੍ਰਸ਼ੋਤਮ ਦੀਆਂ। ਗੱਲ ਕਰਦੇ ਹਾਂ ਪੰਜਾਬ ਦੀ ਜਾਈ ਮੀਨੂੰ ਪ੍ਰਸ਼ੋਤਮ ਦੀ। 20 ਨਵੰਬਰ 1944 ਨੂੰ ਪਟਿਆਲਾ ਵਿੱਚ ਇੱਕ ਕਿਸਾਨ ਪ੍ਰੀਵਾਰ ਵਿੱਚ ਜਨਮੀ ਮੀਨੂੰ ਨੇ ਸੰਗੀਤ ਦੀ ਬੀ.ਏ. ਕੀਤੀ।

ਪੰਡਿਤ ਲਕਸ਼ਮਣ ਪ੍ਰਸਾਦ ਜੈਪੁਰ ਵਾਲਿਆਂ ਤੋਂ ਸ਼ਾਸ਼ਤਰੀ ਸੰਗੀਤ ਦੀ ਤਾਲੀਮ ਲਈ।

ਸੰਗੀਤਕਾਰ ਮਦਨ ਮੋਹਨ ਤੋਂ ਵੀ ਸੰਗੀਤ ਦੀ ਤਾਲੀਮ ਲੈ ਕੇ ਮੁੰਬਈ ਦੀ ਫਿਲਮ ਨਗਰੀ ਵਿੱਚ ਪਿੱਠਵਰਤੀ ਗਾਇਕਾ ਵੱਜੋਂ ਮੰਨਾ ਡੇ, ਮੁਹੰਮਦ ਰਫ਼ੀ, ਮਹਿੰਦਰ ਕਪੂਰ, ਕਿਸ਼ੋਰ ਕੁਮਾਰ, ਸੁਮਨ ਕਲਿਆਣਪੁਰ, ਆਸ਼ਾ ਭੌਂਸਲੇ, ਗੀਤਾ ਦੱਤ, ਸ਼ਮਸ਼ਾਦ ਬੇਗਮ ਨਾਲ ਅਨੇਕਾਂ ਹੀ ਹਿੱਟ ਗੀਤ ਦਿੱਤੇ।

ਐਸ.ਡੀ.ਬਰਮਨ, -. ਪੀ ਨਈਅਰ, ਜੈਦੇਵ, ਰੋਸ਼ਨ, ਤੇ ਬੱਪੀ ਲਹਿਰੀ ਜਿਹੇ ਸੰਗੀਤਕਾਰਾਂ ਨਾਲ ਕੰਮ ਕੀਤਾ।

1964 ਵਿਚ ਪੰਜਾਬ ਦੇ ਪੁੱਤਰ ਸਾਹਿਰ ਲੁਧਿਆਣਵੀ ਦਾ ਗੀਤ ਫਿਲਮ ਗਜ਼ਲ ਲਈ ਮਦਨ ਮੋਹਨ ਦੇ ਸੰਗੀਤ ਵਿੱਚ ਰਿਕਾਰਡ ਹੋਇਆ ਜਿਸਨੂੰ ਮੀਨੂੰ ਪ੍ਰਸ਼ੋਤਮ ਤੇ ਲਤਾ ਮੰਗੇਸ਼ਕਰ ਨੇ ਗਾਇਆ ਸੀ। ਜਿਸ ਦੇ ਬੋਲ ਸਨ : " ਉਨਸੇ ਨਜ਼ਰੇਂ ਮਿਲੀ"

1981 ਵਿੱਚ ਬਣੀ ਫਿਲਮ ਕਰਾਂਤੀ ਵਿੱਚ ਮੀਨੰ ਪ੍ਰਸ਼ੋਤਮ ਤੇ ਪੰਜਾਬੀ ਪੁੱਤਰ ਮਹਿੰਦਰ ਕਪੂਰ ਦੀਆਂ ਆਵਾਜ਼ ਵਿੱਚ ਰਿਕਾਰਡ ਹੋਇਆ ਇੱਕ ਧਾਰਮਿਕ ਗੀਤ "ਦੁਰਗਾ ਹੈ ਮੇਰੀ ਮਾਂ ਅੰਬੇ ਹੈ ਮੇਰੀ ਮਾਂ" ਹਰ ਘਰ ਵਿੱਚ ਸੁਣਿਆ ਗਿਆ।

-------------

# ਉਸ ਵੇਲੇ ਇਹ ਸਿੱਖ ਫੌਜੀਆਂ ਲਈ ਅਸਲੇ ਬਾਰੂਦ ਦਾ ਡੀਪੂ ਸੀ

ਹੁਣ ਗੱਲ ਕਰਦੇ ਹਾਂ ਉਹਨਾਂ ਦੀ ,ਜੋ ਲਹਿੰਦੇ ਪੰਜਾਬ ਦੇ ਬਹੁਤ ਵੱਡੇ ਵਿਅਕਤੀ ਹਨ , ਵੱਡੇ ਤੋਂ ਭਾਵ ਇੱਕ ਤਾਂ ਉਹਨਾਂ ਦੀ ਪਾਕਿਸਤਾਨੀ ਹਕੂਮਤ ਤੱਕ ਸਿੱਧੀ ਗੱਲਬਾਤ ਹੈ। ਦੂਜਰੀ ਉਹ ਪਾਕਿਸਤਾਨ ਦੇ ਸਭ ਤੋ ਵੱਧ ਅਮੀਰ ਵਿਅਕਤੀਆਂ ਵਿੱਚੋਂ ਹਨ ਪਰ ਮੇਰੇ ਮੁਤਾਬਕ ਇਹ ਦੋਵੇਂ ਗੱਲਾਂ ਕਿਸੇ ਵਿਅਕਤੀ ਦੇ ਵੱਡੇ ਹੋਣ ਦੀ ਪ੍ਰੀਭਾਸ਼ਾ ਨਹੀਂ, ਅਸਲ ਵਿੱਚ ਉਹਨਾਂ ਦੀ ਵਡਿਆਈ ਇਸ ਗੱਲ ਵਿੱਚ ਹੈ ਕਿ ਉਹ ਆਪਣੀ ਜ਼ੁਬਾਨ ਨਾਲ ਜੜਾਂ ਤੱਕ ਜੁੜੇ ਹੋਏ ਨੇ, ਪੰਜਾਬੀ ਗੀਤ ਸੰਗੀਤ ਉਹਨਾਂ ਦੀ ਇਬਾਦਤ ਹੈ, ਉਹਨਾਂ ਦਾ ਨਾਮ ਹੈ

'ਮੀਆਂ ਯੂਸਫ ਸਲਾਹੁਦੀਨ ' ਯੂਸਫ ਸਲਾਹੁਦੀਨ 'ਅਲਾਮਾ ਇਕਬਾਲ' ਦਾ ਦੋਹਤਾ ਹੈ ਅਲਾਮਾ ਇਕਬਾਲ ਨੂੰ ਸਭ ਜਾਣਦੇ ਹਨ, ਉਹ ਬਹੁਤ ਵੱਡੇ ਸ਼ਾਇਰ ਸਨ , ਉਹਨਾਂ ਦੇ ਪੂਰਵਜ ਕਸ਼ਮੀਰੀ (ਸਪਰੂ) ਪੰਡਿਤ ਸਨ, ਬਾਅਦ ਵਿੱਚ ਉਹ ਕਸ਼ਮੀਰ ਤੋਂ ਸਿਆਲਕੋਟ ਆਕੇ ਵਸ ਗਏ ਸਨ . ਇਕਬਾਲ ਦਾ ਗੀਤ ਅਕਸਰ ਹੀ ਸਾਡੇ ਕੰਨਾ ਵਿੱਚ ਵਾਰ ਵਾਰ ਆਉਂਦੈ

"ਸਾਰੇ ਜਹਾਂ ਸੇ ਅੱਛਾ ਹਿੰਦੋਸਤਾਂ ਹਮਾਰਾ
ਹਮ ਬੁਲਬੁਲੇਂ ਹੈਂ ਇਸਕੀ
ਯੇ ਗੁਲਿਸਤਾਂ ਹਮਾਰਾ"

ਅਲਾਮਾ ਇਕਬਾਲ 'ਤੇ ਮੁਹੰਮਦ ਅਲੀ ਜਿਨਾਹ ਨੂੰ ਪਾਕਿਸਤਾਨ ਦੇ ਸੰਸਥਾਪਕ ਕਿਹਾ ਜਾਂਦਾ ਹੈ।

ਪਾਕਿਸਤਾਨ ਦੀ ਸਿਆਸਤ ਵਿੱਚ ਯੂਸਫ ਸਲਾਹੁਦੀਨ ਦੀ ਤੂਤੀ ਬੋਲਦੀ ਹੈ। ਮੀਆਂ ਨਵਾਜ ਸ਼ਰੀਫ, ਸ਼ਾਹਬਾਜ ਸ਼ਰੀਫ, ਇਮਰਾਨ ਖਾਨ ਉੱਥੋਂ ਦੇ ਇਹ ਵੱਡੇ ਸਿਆਸੀ ਲੋਕ ਉਸਦੇ ਨੇੜਲੇ ਮਿੱਤਰ ਹਨ।

ਸਲਾਹੁਦੀਨ ਦੇ ਪੂਰਵਜ ਮੁਸਲਿਮ ਲੀਗ ਦੇ ਸੰਸਥਾਪਕ ਸਨ। ਯੂਸਫ ਸਲਾਹੁਦੀਨ ਖੁਦ ਇੱਕ ਵਧੀਆ ਸ਼ਾਇਰ 'ਤੇ ਕੰਪੋਜ਼ਰ ਹੈ। ਵਿਰਸਾ ਹੈਰੀਟੇਜ ਰੀਵਾਈਵਲ ਵਿੱਚ ਉਸਨੂੰ ਅਕਸਰ ਹੀ ਦੇਖਿਆ ਜਾ ਸਕਦਾ ਹੈ। ਪੁਰਾਣੇ ਲਾਹੌਰ ਸ਼ਹਿਰ ਵਿੱਚ ਮਾਹਾਰਾਜਾ ਰਣਜੀਤ ਸਿੰਘ ਵਾਲੇ ਸ਼ਾਹੀ ਕਿਲੇ ਦੇ ਸਾਹਮਣੇ ਇੱਕ ਹਵੇਲੀ ਐ ਜਿਸਦਾ ਨਾਮ ਐ " ਬਾਰੂਦ ਖਾਨਾ" ਭਾਵ ਉਸ ਵੇਲੇ ਇਹ ਸਿੱਖ ਫੌਜੀਆਂ ਲਈ ਅਸਲੇ ਬਾਰੂਦ ਦਾ ਡੀਪੂ ਸੀ। 1870 ਵਿੱਚ ਸਲਾਹੁਦੀਨ ਦੀ ਪੂਰਵਜਾਂ ਨੇ ਇਹ ਹਵੇਲੀ ਖਰੀਦ ਲਈ ਸੀ ਜੋ ਹੁਣ ਯੂਸਫ ਸਲਾਹੁਦੀਨ ਦੀ ਮਲਕੀਅਤ ਹੈ। ਉਂਜ ਤਾਂ ਲਾਹੌਰ ਵਿੱਚ ਇਸ ਤੋਂ ਵੀ ਕੀਮਤੀ ਤੇ ਵਿਸ਼ਾਲ ਹਵੇਲੀਆਂ ਹੋਣਗੀਆਂ ਪਰ ਇਸਦੀ ਖਾਸੀਅਤ ਹੋਰ ਹੈ। ਇੱਥੇ ਕਦੇ ਵੀ ਸੰਗੀਤ ਖਤਮ ਨਹੀਂ ਹੁੰਦਾ। ਯੂਸਫ ਸਲਾਹੁਦੀਨ ਅਕਸਰ ਹੀ ਸੰਗੀਤ ਪ੍ਰੇਮੀਆਂ ਨੂੰ ਦਾਅਵਤ ਦੇ ਕੇ ਇੱਥੇ ਬੁਲਾਉਂਦੇ ਹਨ, ਪਾਕਿਸਤਾਨ ਦੇ ਵੱਡੇ ਵੱਡੇ ਗਾਇਕ ਇੱਥੇ ਆਉਂਦੇ ਹਨ। ਪਿਛਲੇ ਬਾਰਾਂ ਵਰ੍ਹਿਆਂ ਤੋਂ ਪਾਕਿਸਤਾਨ ਦੇ ਸਰਕਾਰੀ ਟੈਲੀਵਿਜ਼ਨ ਪੀ ਟੀ ਵੀ ਦਾ ਬਹੁਤ ਸਲਾਹਿਆ ਗਿਆ ਪ੍ਰੋਗਰਾਮ "ਵਿਰਸਾ ਹੈਰੀਟੇਜ " ਇਸੇ ਹਵੇਲੀ ਵਿੱਚ ਹੀ ਰਿਕਾਰਡ ਹੁੰਦਾ ਹੈ। ਯੂਸਫ ਸਲਾਹੁਦੀਨ ਦਾ ਇੱਕ ਅਕੀਦਾ ਹੈ ਕਿ ਮੈਂ ਆਪਣੀ ਵਿਰਾਸਤ ਨੂੰ ਜੀਵਤ ਰੱਖਣੈ।

ਉਹ ਨਵੇਂ ਮੁੰਡੇ ਕੁੜੀਆਂ ਲੱਭ ਕੇ ਲਿਆਉਂਦੈ ਤੇ ਉਹਨਾਂ ਤੋਂ ਪੁਰਾਣੇ ਗੀਤ ਗਵਾ ਕੇ ਨਵੀਂ ਪੀੜ੍ਹੀ ਨੂੰ ਨਾਲ ਜੋੜਦੈ। ਯੂ ਟਿਊਬ ਤੇ, ਅਤੇ ਪੀ ਟੀ ਵੀ ਤੇ ਵਿਰਸਾ ਹੈਰੀਟੇਜ ਪ੍ਰੋਗਰਾਮ ਇਸੇ ਹਵੇਲੀ ਦੀ ਹੀ ਦੇਣ ਹੈ ਜਿੱਥੇ ਰਾਹਤ ਫਤਿਹ ਅਲੀ, ਆਰਿਫ ਲੁਹਾਰ, ਹਦੀਕਾ ਕਿਆਨੀ, ਹੁਮੇਰਾ ਚੰਨਾ ਸਮੇਤ ਅਨੇਕਾਂ ਹੀ ਕਲਾਕਾਰਾਂ ਦੇ ਲਾਈਵ ਰਿਕਾਰਡ ਕੀਤੇ ਜਾਂਦੇ ਹਨ। ਪਾਕਿਸਤਾਨ ਦੀ ਪ੍ਰਸਿੱਧ ਗਾਇਕਾ ਹੁਮੇਰਾ ਚੰਨਾ, ਯੂਸਫ ਸਲਾਹੁਦੀਨ ਦਾ ਹੀ ਲਿਖਿਆ ਤੇ ਉਸੇ ਦਾ ਹੀ ਕੰਪੋਜ਼ ਕੀਤਾ ਹੋਇਆ ਗੀਤ ਉਸੇ ਹਵੇਲੀ ਵਿੱਚ ਰਿਕਰਡ ਹੋਇਆ ਹੈ। ਉਂਜ ਤੇ ਸਾਡੇ ਵਾਲੇ ਪਾਸੇ ਚੜ੍ਹਦੇ ਪੰਜਾਬ ਵਿੱਚ ਵੀ ਬਹੁਤ ਅਮੀਰ ਲੋਕ, ਅਮੀਰ ਸਿਆਸਤਦਾਨ ਹਨ ਪਰ ਜ਼ਰੂਰਤ ਹੈ ਆਪਣੀ ਵਿਰਾਸਤ ਲਈ ਆਪਾ ਅਰਪਨ ਕਰਨ ਦੀ—ਦੇਖੋ ਜੇ ਕਦੇ ਕੋਈ ਸੂਰਮਾ ਨਿੱਤਰੇ




# ਕਿਸ ਤਰ੍ਹਾਂ ਆਪਣੇ ਗਰਾਂ ਅੱਜ ਕੱਲ੍ਹ ਉਤਰਦੀ ਸ਼ਾਮ ਲਿਖ



ਕਿਸ ਤਰ੍ਹਾਂ ਆਪਣੇ ਗਰਾਂ ਅੱਜ
ਕੱਲ੍ਹ ਉਤਰਦੀ ਸ਼ਾਮ ਲਿਖ
ਕੀ ਅਜੇ ਕੱਚੇ ਘਰਾਂ ਵਿੱਚ ਹੈ
ਮੁਹੱਬਤ ਆਮ ਲਿਖ
ਕੀ ਅਜੇ ਵੀ ਅੱਲੜ੍ਹਾਂ ਪਟਵਾਰੀ ਨੂੰ ਹੈ
ਕਹਿੰਦੀਆਂ ਜਿੰਦ ਸਾਡੀ ਕਾਗਜ਼ਾਂ
ਵਿੱਚ ਯਾਰ ਦੇ ਤੂੰ ਨਾਮ ਲਿਖ।
(ਜਗਤਾਰ)

ਇਕ ਵਾਰੀ ਮੈਂ ਅਖ਼ਬਾਰ ਵਿੱਚ ਰਿਸ਼ਤੇ ਬਾਰੇ ਇਸ਼ਤਿਹਾਰ ਪੜ੍ਹਿਆ, ਜਿਸ ਰਾਹੀਂ ਰਿਸ਼ਤੇ ਦੇ -ਹਲੇ ਪਲਦੇ ਸੌਦੇ ਦੀ ਗੱਲ ਤੋਰੀ ਗਈ ਸੀ। ਮੈਂ ਤਾਂ ਇਹ ਵੀ ਸੁਣਿਆ ਹੈ ਕਿ ਅਜਿਹੇ ਇਸ਼ਤਿਹਾਰ ਮਾਂ ਦੀ ਕੁੱਖ ਲਈ ਵੀ ਛਪ ਰਹੇ ਹਨ। ਰਿਸ਼ਤਿਆਂ ਨੂੰ ਮੰਡੀ ਦਾ ਮਾਲ ਬਣਾ ਕੇ ਖ੍ਰੀਦਿਆ ਤੇ ਵੇਚਿਆ ਜਾ ਰਿਹਾ ਹੈ। ਇਹ ਸੌਦਾ ਕਿਸੇ ਦੇ ਭਵਿੱਖੀ ਸੁਪਨਿਆਂ ਦਾ, ਮਨ ਅੰਦਰ ਪਲਰਦੇ ਅਰਮਾਨਾ ਦਾ, ਕਿਸੇ ਦੀ ਕਲਪਨਾ ਵਿੱਚ ਉਸਰੇ ਖ਼ੂਬਸੂਰਤ ਸੰਸਾਰ ਦਾ ਜਾਂ ਕਿਸੇ ਅਲ੍ਹੜ-ਵਰੇਸ ਸੀਨੇ ਖੁਣੇ ਨਕਸ਼ਾਂ ਦਾ ਸੌਦਾ ਪਤਾ ਨਹੀਂ ਕਿਵੇਂ ਸੰਭਵ ਹੋ ਸਕਦਾ ਹੈ। ਸੁਣਿਆ ਹੈ ਮੰਡੀ ਦੇ ਇਸ ਯੁਗ ਵਿੱਚ ਕਾਗਜ਼ੀ ਵਿਆਹ ਸਮੇਂ ਜਾਹਲੀ ਸਾਕ-ਸਬੰਧੀ ਵੀ ਦਿਹਾੜੀ ਤੇ ਮਿਲ ਜਾਂਦੇ ਹਨ। ਕਿਸੇ ਇੱਕ ਦੇ ਲੇਖੇ ਜੂਨ ਲਾ ਕੇ ਤੁਰ ਜਾਣ ਵਾਲੀ ਦੁਨੀਆਂ ਨੂੰ ਖਾਰਜ ਕਰ ਕੇ ਕੀਤੇ ਇਹ ਰਿਸ਼ਤੇ ਇੱਕ ਦੂਜੇ ਦੀ ਮਨ-ਮਿੱਟੀ ਵਿੱਚ ਉੱਗਣ, ਵਿਗਸਣ ਅਤੇ ਮੌਲਣ ਦੀ ਥਾਂ ਸੱਪ ਕੁੰਡਲੀ ਮਾਰ ਕੇ ਸਾਹਾਂ ਨੂੰ ਕੈਦ ਕਰਦਾ ਸੰਬੰਧ ਸਾਰੀ ਉਮਰ ਕੰਡਿਆਲੀ ਵਾੜ ਬਣ ਕੇ, ਲਛਮਣ ਰੇਖਾ ਉਲੀਕਦਾ ਜਾਂ ਅਮਰਵੇਲ ਵਾਂਗ ਆਪਣੀ ਹੋਂਦ ਨੂੰ ਪਾਲਦਾ ਦੂਜੇ ਦੀ ਜੂਨ ਦੂੱਭਰ ਕਰਦਾ ਹੋਵੇਗਾ। ਰਿਸ਼ਤਾ ਕੋਈ ਅਲਜਬਰਾ ਜਾਂ ਜੁਮੈਟਰੀ ਦਾ ਸਵਾਲ ਨਹੀਂ ਜੋ ਫਾਰਮੂਲੇ ਤੇ ਹੱਲ ਹੋ ਜਾਵੇ। ਸੌਦੇਬਾਜ਼ੀ ਦਾ ਹਸ਼ਰ ਤਾਂ ਅਪੀਲਾਂ, ਵਕੀਲਾਂ ਜਾਂ ਦਲੀਲਾਂ ਵਿਹੜੇ ਜਾ ਖਿਲਰਦਾ ਹੋਵੇਗਾ। ਮਨ ਦੀ ਦੁਨੀਆਂ ਆਬਾਦ ਕਰਦਿਆਂ ਇਹ ਤਾਂ ਪਤਾ ਹੀ ਨਹੀਂ ਕਦੋਂ, ਪਤਾ ਨਹੀਂ ਕਿੱਥੇ ਅਤੇ ਪਤਾ ਨਹੀਂ ਕਿਸ ਨਾਲ ਸਹਿਜੇ ਹੀ ਜਾ ਪੁੰਗਰੇ। ਜ਼ਰੂਰੀ ਨਹੀਂ ਅਜਿਹੇ ਵੇਲੇ ਰਿਸ਼ਤੇ ਦਾ ਕੋਈ ਨਾਮ ਹੋਵੇ ਜਾਂ ਕੋਈ ਸਿਰਲੇਖ ਹੋਵੇ। ਕਿਸੇ ਨਾਲ ਵੀ ਸਬੱਬੀਂ ਪੈਂਦਾ ਵਾਹ ਕਦੋਂ ਅਪਣੱਤ, ਸੰਬੰਧ ਜਾਂ ਸਦੀਵੀ ਸਾਂਝ ਵਿਚ ਵਟ ਜਾਏ ਕਿਹਾ ਨਹੀਂ ਜਾ ਸਕਦਾ। ਇਸ ਲਈ ਕੋਈ ਸਿਖਲਾਈ, ਕੋਈ ਟਰੇਨਿੰਗ ਜਾਂ ਸਿਲੇਬਸ ਨਹੀਂ ਹੁੰਦਾ। ਬਸ ਹੋ ਜਾਂਦਾ ਹੈ ਜਿਵੇਂ ਧਰਤ ਵਿੱਚੋਂ ਦਾਣੇ ਪੁੰਗਰਦੇ ਨੇ, ਜਿਵੇਂ ਫੁੱਲ ਖਿੜਦੇ ਨੇ, ਜਿਵੇਂ ਕਣੀਆਂ ਪੈਂਦੀਆਂ ਨੇ। ਇਉਂ ਹੀ ਮੇਰੇ ਨਾਲ ਕਦੇ ਪਨਪੀ ਸਾਂਝ ਦਾ ਜ਼ਿਕਰ ਮਿਸਾਲ ਵੱਜੋਂ ਛੋਹ ਰਹੀ ਹਾਂ।

ਕਈ ਦਹਾਕੇ ਹੋਏ, ਮੇਰੇ ਯੂਨੀਵਰਸਿਟੀ ਦੇ ਘਰ ਵਿੱਚ ਇੱਕ ਦਿਨ ਇੱਕ ਸੋਹਣਾ ਜਵਾਨ ਆਇਆ। ਸੋਹਣੀ ਦਿੱਖ ਵਾਲੇ ਉਸ ਜਵਾਨ ਦੀ ਹਰ ਅਦਾ ਵਿੱਚ ਸਲੀਕਾ ਸੀ। ਉਸ ਨੇ ਕਿਹਾ, 'ਮੇਰਾ ਨਾਮ ਅਵਜੀਤ ਸਿੰਘ ਸਿੱਧੂ ਹੈ। ਮੈਂ ਤੁਹਾਡੇ ਨਾਲ ਕੋਈ ਜ਼ਰੂਰੀ ਗੱਲ ਕਰਨੀ ਹੈ'। ਉਸ ਨੂੰ ਅੰਦਰ ਤਕ ਲੈ ਕੇ ਆ ਰਹੀ ਮੈਂ ਸੋਚ ਰਹੀ ਸੀ ਕਿਸੇ ਵਿਦਿਆਰਥੀ ਦੀਆਂ ਘੱਟ ਹਾਜ਼ਰੀਆਂ ਬਾਰੇ ਗੱਲ ਕਰਨ ਆਇਆ ਹੋਣੈ। ਉਸ ਨੇ ਪੂਰੀ ਹਲੀਮੀ ਨਾਲ ਜਿਵੇਂ ਤੋਲ ਕੇ ਸ਼ਬਦ ਬੋਲੇ,'ਮੈਂ ਆਪਣੀ ਭੈਣ ਦੇ ਮੈਟਰੀਮੋਨੀਅਲ ਲਈ ਜਿੱਥੇ ਗੱਲ ਤੋਰੀ ਹੈ, ਉਹ ਤੁਹਾਡਾ ਜਮਾਤੀ ਹੈ। ਮੈਨੂੰ ਉਸ ਨੇ ਕਿਹਾ ਹੈ ਕਿ ਮੈਂ ਪਹਿਲਾਂ ਸਾਰੀ ਗੱਲ ਤੁਹਾਡੇ ਨਾਲ ਕਰ ਲਵਾਂ।'ਮੈਂ ਉਸ ਦੀ ਭੈਣ ਦੀ ਉਮਰ, ਕੱਦ ਅਤੇ ਯੋਗਤਾ ਮੇਰੇ ਉਸ ਜਮਾਤੀ ਨਾਲ ( ਜੋ ਹੁਣ ਜੱਗ ਤੇ ਨਹੀਂ ਰਿਹਾ ), ਬੇ-ਮੇਚ ਤੁਲਦੀ ਦੇਖੀ ਤਾਂ ਇਸ ਸਵਾਲ ਤੇ ਕਾਟਾ ਹੀ ਮਾਰ ਦਿੱਤਾ। ਉਹ ਹੈਰਾਨ ਹੋਇਆ ਮੇਰੀ ਵਿਚੋਲਗਿਰੀ ਬਾਰੇ ਕਹਿ ਰਿਹਾ ਸੀ ਕਿ ਉਸ ਲੜਕੇ ਨੇ ਤਾਂ ਤੁਹਾਡੇ ਤੇ ਪੂਰਾ ਮਾਣ ਕਰ ਕੇ ਕਿਹਾ ਹੈ। ਮੈਂ ਕਿਹਾ ਮਾਣ ਆਪਣੀ ਥਾਂ ਤੇ ਹੈ ਪਰ ਉਹ ਤੁਹਾਡੀ ਭੈਣ ਦੇ ਕਾਬਲ ਨਹੀਂ ਹੈ। ਉਸ ਪਿੱਛੋਂ ਅਸੀਂ ਕਾਫ਼ੀ ਸੁਖਾਵੇਂ ਮਾਹੌਲ ਵਿਚ ਕਈ ਗੱਲਾਂ ਕੀਤੀਆਂ। ਜਦੋਂ ਉਹ ਜਾਣ ਲੱਗਾ ਤਾਂ ਮੇਰਾ ਬਾਹਰਲਾ ਗੇਟ ਟੱਪਣ ਤੋਂ ਪਹਿਲਾਂ ਵਾਪਸ ਆ ਗਿਆ, ਕਹਿਣ ਲੱਗਾ—

'ਜੇ ਤੁਸੀਂ ਬੁਰਾ ਨਾ ਮਨਾ- ਮੈਂ ਕਦੇ ਕਦੇ ਤੁਹਾਡੇ ਘਰ ਆ ਜਾਇਆ ਕਰਾਂ।'

ਮੈਨੂੰ ਉਸ ਦੀ ਸਰਲਤਾ ਅਤੇ ਬੇ-ਬਾਕੀ ਵਧੀਆ ਲੱਗੀ। ਜਿਸ ਰਿਸ਼ਤੇ ਲਈ ਉਹ ਆਇਆ ਸੀ, ਉਹ ਤਾਂ ਨਾ ਹੋਇਆ, ਪਰ ਕਿਸੇ ਹੋਰ ਸਾਂਝ ਦੇ ਉਹ ਬੀਜ ਕੇਰ ਗਿਆ। ਮੈਂ ਆਪਣੇ ਬੇਟੇ ਦੀ ਸ਼ਾਦੀ ਦੇ ਕਾਰਡ ਵੰਡਣ ਵੇਲੇ ਜਦ ਸੂਚੀ ਤਿਆਰ ਕੀਤੀ, ਉਸ ਦਾ ਨਾਮ ਓ ਤੋਂ ਹੋਣ ਕਰ ਕੇ ਪਹਿਲਾ ਕਾਰਡ ਉਸ ਦੇ ਨਾਮ ਲਿਖਿਆ। ਅੱਜ ਕਈ ਦਹਾਕੇ ਬੀਤਣ ਮਗਰੋਂ ਵੀ ਸਾਡੀ ਸਾਂਝ ਸੰਘਣੀ ਅਤੇ ਸੱਜਰੀ ਹੈ।

ਇੱਕ ਛੋਟਾ ਜਿਹਾ ਸਬੱਬ ਇੱਕ ਸਦੀਵੀ ਸਾਂਝ ਦੀ ਹਾਲੇ ਵੀ ਹਾਮੀ ਭਰਦਾ ਹੈ, ਜਿੱਥੇ ਕੋਈ ਵੱਟ ਦਾ ਰੌਲਾ ਨਹੀਂ, ਕੋਈ ਰੁਤਬੇ ਜਾਂ ਉਮਰ ਦਾ ਰੱਫੜ ਨਹੀਂ, ਕੋਈ ਵੀਹੜੀ ਨਹੀਂ, ਪਰ ਆਪਸੀ ਦੁੱਖ-ਸੁੱਖ ਦੀ ਭਾਈਵਾਲੀ ਕਾਇਮ ਹੈ।

**facebook**
**ਫੇਸਬੁੱਕ ਪਰਿਵਾਰ ਦੀਆਂ ਗੱਲਾਂਬਾਤਾਂ**

# ਜੇ ਔਰਤ ਨੂੰ ਮੌਕੇ ਦਿੱਤੇ ਜਾਣ ਤਾਂ ਧੀਆਂ ਵੀ ਸਮਾਜ ਲਈ ਪ੍ਰੇਰਨਾ ਸ੍ਰੋਤ ਬਣ ਸਕਦੀਆਂ ਹਨ

ਵਿਹੜੇ ਦੀ ਧੀਆਂ ਰੌਣਕ ਹੁੰਦੀਆਂ,
ਪਿਆਰ ਦਾ ਹੁੰਦੀਆਂ ਇਹ ਚਸ਼ਮਾ,
ਹੁੰਦੀਆਂ ਠੰਡੀਆਂ ਜਿਉਂ ਬੋਹੜਾਂ
ਦੀਆਂ ਛਾਵਾਂ,
ਰੱਬ ਦਾ ਰੂਪ ਹੁੰਦੀਆਂ...ਧੀਆਂ,
ਭੈਣਾਂ, ਮਾਵਾਂ!

ਇਹ ਮੇਰੇ ਬਚਪਨ ਤੋਂ ਅੱਜ ਦੇ ਅਹਿਸਾਸ ਨੇ, ਸਕੀ ਭੈਣ ਨਹੀਂ ਸੀ, ਸੋਚਦਾ ਜੇ ਹੁੰਦੀ ਤਾਂ ਮੇਰੇ ਵਿਚ ਵੀ ਦੋ-ਚਾਰ ਗੁਣ ਹੁੰਦੇ! ਬਚਪਨ ਤੋਂ ਹੁਣ ਤੱਕ ਮੈਥੋਂ ਡੋਲੀ ਤੁਰਦੀ ਨਹੀਂ ਦੇਖੀ ਜਾਂਦੀ! ਸਮਾਜਿਕ ਵਰਤਾਰੇ ਦੇ ਵਿਰੁੱਧ ਅਨੇਕਾਂ ਸਵਾਲਾਂ ਦੀ ਲੜੀ ਮੇਰੀਆਂ ਅੱਖਾਂ ਸਾਹਮਣੇ ਆ ਖੁਲ੍ਹਦੀ ਹੈ। ਬਾਬਲ ਦੇ ਵਿਹੜੇ ਵਿਚੋਂ ਇੱਕ ਅਜ਼ਾਦ ਪਰਿੰਦੇ ਨੂੰ ਆਪਣਿਆਂ ਵੱਲੋਂ ਹੀ ਕਿੰਝ ਪਿੰਜਰੇ ਵਿਚ ਪਾ ਦਿੱਤਾ ਜਾਂਦਾ ਹੈ। ਹੈਸੀਅਤ ਮੁਤਾਬਿਕ ਪਿੰਜਰਾ ਸੋਨੇ, ਚਾਂਦੀ, ਲੋਹੇ ਜਾਂ ਰੱਸੀਆਂ ਦਾ ਹੋ ਸਕਦੇ ਹੈ। ਰੀਤ ਦੇਖੋ ਧੀਆਂ ਚਾਹ ਕੇ ਵੀ ਉਸ ਵਿਚੋਂ ਆਪਣੀ ਇੱਛਾ ਅਨੁਸਾਰ ਕਦੇ ਅੰਦਰ-ਬਾਹਰ ਨਹੀਂ ਹੋ ਸਕਦੀਆਂ! ਇਹ ਕੋਸ਼ਿਸ਼ ਕਰਨ ਵਾਲੀਆਂ ਅਕਸਰ ਜ਼ਖ਼ਮੀ ਹੁੰਦੀਆਂ ਨੇ, ਫਿਰ ਧੀਰਜ ਮੰਨ ਹਾਲਾਤਾਂ ਅਨੁਸਾਰ ਆਪਣੇ ਆਪ ਨੂੰ ਉਸੇ ਪ੍ਰਸਿੱਧੀ ਅਨੁਸਾਰ ਢਾਲ ਕੇ ਸਮਾਜਿਕ, ਆਰਥਿਕ ਤੇ ਪਰਿਵਾਰਕ ਜ਼ੁੰਮੇਵਾਰੀਆਂ ਵੀ ਚੱਕਦੀਆਂ ਨੇ। ਸਾਡੇ ਰਿਵਾਜ਼ ਦੇਖੋ ਜ਼ਮੀਨ ਦੀ ਰਖਵਾਲੀ ਪੁੱਤ ਕਰੇ, ਪੱਗ ਦੀ ਇੱਜ਼ਤ ਦਾ ਠੇਕਾ ਧੀਆਂ ਖਾਤੇ, ਆਪਾਂ ਕਿਹੜੇ ਸਮਾਜ ਦਾ ਹਿੱਸਾ ਹਾਂ ਪੰਜਾਬੀਓ? ਮੈਨੂੰ ਤਾਂ ਹਾਲੇ ਤੱਕ ਸਮਝ ਨਹੀਂ ਆਇਆ!




ਧੀਆਂ ਦੇ ਦੁੱਖਾਂ ਨੂੰ, ਨੇੜਿਓ ਸਮਝਦੇ
ਵੀਰ ਤੇ ਮਾਵਾਂ,
ਧੀਆਂ ਰਸਤੇ ਤੁਰ ਪੈਂਦੀਆਂ, ਮਾਪੇ
ਜੋ ਦੱਸਦੇ 'ਰਾਵਾਂ',

ਰੀਤ ਤਾਂ ਦੇਖੋ ਕੀ ਬਣਾਈ ਐ...ਦਿਲ ਦੇ ਟੁਕੜੇ ਨੂੰ ਹੱਥੀਂ ਪਾਲ-ਪੋਸ ਕੇ ਇੱਕ ਅਣਜਾਣ ਵਿਅਕਤੀਆਂ ਦੇ ਸਪੁਰਦ ਕਰਨਾ ਤਾਂ ਹੌਲ ਜਾ ਪੈਣਾ ਸੁਭਾਵਿਕ ਹੈ। ਜੇ ਉਹ ਵੀ ਉਮੀਦਾਂ ਤੇ ਖਰਾ ਨਾ ਉਤਰੇ ਤਾਂ ਕੀ ਬਣਦਾ ਹੋਣਾ ਮਾਂ ਜਾਇਆ ਦੇ ਮਨ ਮੰਦਰ ਅੰਦਰ? ਕੁਦਰਤ ਮੇਹਰ ਕਰੇ ਸਾਰੇ ਸੰਸਾਰ ਦੀਆਂ ਧੀਆਂ ਖੁਸ਼ ਰਹਿਣ ਸ਼ੁਭ ਇਛਾਵਾਂ ਤੇ ਦੁਆਵਾਂ ਹਰ ਧੀ, ਭੈਣ, ਮਾਂ, ਪਤਨੀ, ਮਹਿਬੂਬ ਅਤੇ ਦੋਸਤ ਔਰਤਾਂ ਲਈ, ਕੁਦਰਤ ਤੋਂ ਬਾਅਦ ਦੂਜਾ ਦਰਜਾ ਔਰਤ ਦਾ ਹੈ ਜੋ ਸਿਰਜਣਾ ਕਰਦੀ ਹੈ। ਬੱਚੇ ਨੂੰ ਨੌ ਮਹੀਨੇ ਪੇਟ ਵਿੱਚ ਰੱਖ ਤਕਲੀਫ਼ਾਂ ਵਿੱਚੋਂ ਗੁਜਰ, ਜਨਮ ਦੇਣ ਦੇ ਬਾਅਦ ਉਸ ਨਾਲ ਰਾਤ-ਰਾਤ ਭਰ ਜਾਗਣਾ, ਪਰਿਵਾਰ ਅਤੇ ਘਰ ਨੂੰ ਸੰਭਾਲਣਾ, ਸ਼ਾਇਦ ਹੀ ਇਸ ਤੋਂ ਵੱਡੀ ਜ਼ੁੰਮੇਵਾਰੀ ਕਿਸੇ ਹੋਰ ਦੀ ਹੋਵੇ ਸਮਾਜ ਵਿਚ। ਨੌਕਰੀ ਕਰਨ ਦੇ ਨਾਲ ਪਰਿਵਾਰ ਨੂੰ ਸੰਭਾਲਣ ਵਾਲੀ ਔਰਤ ਤਾਂ ਪੂਜਣਯੋਗ ਹੁੰਦੀ ਹੈ। ਆਓ ਔਰਤਾਂ ਲਈ ਬਣਦਾ ਸਤਿਕਾਰ ਦਿਲਾਂ ਵਿੱਚ ਰੱਖੀਏ ਹਰ ਧੀ, ਭੈਣ, ਮਾਂ, ਪਤਨੀ ਜਾਂ ਦੋਸਤ ਦੇ ਰੂਪ ਵਿੱਚ ਮਰਦ ਦੇ ਮੋਢੇ ਨਾਲ ਮੋਢਾ ਲਾ ਕੇ ਜ਼ਿੰਦਗੀ ਨੂੰ ਸੁਖਾਲਾ ਬਣਾਉਣ ਵਾਲੀ ਨਾਲ ਵਧੀਕੀਆਂ ਕਿਉਂ? ਕੁਦਰਤ ਧੀਆਂ, ਭੈਣਾਂ, ਮਾਵਾਂ, ਸਭ ਸੁਹਾਗਣਾ ਅਤੇ ਦੋਸਤੀ ਵਰਗੇ ਪਵਿੱਤਰ ਰਿਸ਼ਤੇ ਨੂੰ ਨਿਭਾ ਰਹੀਆਂ ਔਰਤਾਂ ਨੂੰ ਲੰਮੀ ਉਮਰ ਅਤੇ ਖੁਸ਼ੀਆਂ ਬਖਸ਼ੇ ਤੇ ਦੁਨੀਆ ਦੇ ਹਰ ਮਰਦ ਨੂੰ ਐਨੀ ਕੁ ਅਕਲ ਜਰੂਰ ਦੇਵੇ ਕੇ ਸਾਰੇ ਰਿਸ਼ਤਿਆਂ ਨੂੰ ਤਿਆਗ ਕੇ ਆਏ ਪਰਿੰਦੇ ਦੀਆਂ ਭਾਵਨਾਵਾਂ ਦਾ ਕਤਲ ਸ਼ਰੇਆਮ ਨਾ ਕਰੇ, ਜੇ ਔਰਤ ਨੂੰ ਮੌਕੇ ਦਿੱਤੇ ਜਾਣ ਤਾਂ ਧੀਆਂ ਵੀ ਸਮਾਜ ਲਈ ਪ੍ਰੇਰਨਾ ਸ੍ਰੋਤ ਬਣ ਸਕਦੀਆਂ ਹਨ।

...ਹਰਫੂਲ ਭੁੱਲਰ ਮੰਡੀ ਕਲਾਂ
9876870157

ਜੇ ਕੌਸਕੋ ਸਟੋਰ ਵਿੱਚੋਂ ਦੁੱਧ ਵਾਲੀਆਂ ਕੈਨੀਆਂ, ਪੈਪਸੀ, ਕੋਕ, ਜੂਸ, ਲਿਕਰ ਲੈਣ ਚੱਲੇ ਹੋ ਤਾਂ
ਪਹਿਲਾਂ ਘਰ ਪਈਆਂ ਖਾਲੀ ਕੈਨੀਆਂ ਅਤੇ ਜੂਸ ਵਾਲੇ ਡੱਬੇ ਵੀ ਗੱਡੀ ਵਿੱਚ ਰੱਖ ਲਓ
ਕਿਉਂਕਿ ਬੋਤਲ ਡਿਪੂ ਹੁਣ ਕੈਲਗਰੀ ਵਿੱਚ ਸਟੋਨੀ ਟਰੇਲ ਤੋਂ
17 ਐਵਨਿਊ ਚੈਸਟਰਮੀਅਰ ਵੱਲ ਨਿਕਲਦਿਆਂ ਹੀ
ਕੌਸਕੋ ਸਟੋਰ ਦੇ ਬਿਲਕੁੱਲ ਸਾਹਮਣੇ ਹੀ ਖੁੱਲ ਗਿਆ।
ਇਹਨਾਂ ਨੂੰ ਸੁਪਰਵਾਈਜ਼ਰ/ਬੋਤਲ ਸੌਰਟਰ
ਵਰਕਰਾਂ ਦੀ ਵੀ ਲੋੜ ਹੈ
ਪੰਜਾਬੀ ਬੋਲਣ ਵਾਲਾ ਸਟਾਫ



East Hill Bottle Depot Ltd.
Call: 403 975 0128
55 East Hill Blvd (Front of new Costco at 17 ave SE.) Calgary(AB)

ਪੰਜਾਬ ਤੋਂ ਪੰਜਾਬੀ ਸਟਾਈਲ ਦੇ ਸੂਟ
ਵਿਆਹ ਭਾਂਵੇ ਕਨੇਡਾ ਹੋਵੇ ਜਾਂ ਪੰਜਾਬ ਜਾਕੇ ਕਰਨਾ ਐ!
ਬਠਿੰਡਾ ਨੇਹਚਲ ਸਟੂਡਿਓ ਤਾਂ ਵਿਆਹ ਵਿੱਚ ਸ਼ਾਮਿਲ ਜਰੂਰ ਹੋਵੇਗਾ ਕਿਉਂਕਿ ਉਹੋ ਜਿਹੇ ਸੂਟ ਤੁਹਾਨੂੰ ਹੋਰ ਕਿਤੋਂ ਮਿਲ ਈ ਨਹੀਂ ਸਕਦੇ
Nehchhal Vogue Studio
Bathinda (PB)
ਰੇਟ ਤੁਹਾਡੀ ਜੇਬ ਦੇ ਹਾਣੀ ਹੋਣਗੇ



Hand- Machine Embroidery,
Indian Bridal Lehnga's, Tailoring,
(Hand, Block, Screen Painting), Sarees.....
Enjoy The Boutique Designer Attires
But Not At Boutique Price
73407 84137
ਆਨ ਲਾਈਨ ਆਰਡਰ ਅਤੇ ਹਵਾ ਦੇ ਬੁੱਲਿਆਂ ਵਾਂਗ ਡਲਿਵਰੀ ਤੁਹਾਡੇ ਘਰ ਹੁੰਦੀ ਹੈ

# ਕਾਗਜ਼ੀ ਵਿਚੋਲਪੁਣਾ

### ਲੜਕੀ ਦੀ ਲੋੜ

ਚੰਡੀਗੜ੍ਹ ਵਿੱਚ ਆਪਣਾ ਚੰਗਾ ਕਾਰੋਬਾਰ ਕਰਦੇ ਗੁਰਸਿੱਖ ਪਰਿਵਾਰ ਦੇ ਸੋਹਣੇ ਸੁਨੱਖੇ ਲੜਕੇ ਉਮਰ 33 ਸਾਲ, ਕੱਦ 5 ਫੁੱਟ 6 ਇੰਚ, ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਇੰਡੀਆ ਤੋਂ ਵੀ ਚੰਗੇ ਵਿਚਾਰਾਂ ਵਾਲੀ ਹਾਣ ਪਰਵਾਣ ਦੀ ਲੜਕੀ ਬਾਰੇ ਵਿਚਾਰ ਕੀਤਾ ਜਾ ਸਕਦਾ ਹੈ। ਲੜਕੇ ਦਾ ਬਾਕੀ ਸਾਰਾ ਪਰਿਵਾਰ ਮਾਤਾ ਪਿਤਾ ਭੈਣ ਭਰਾ ਕਨੇਡਾ ਪੱਕੇ ਤੌਰ ਤੇ ਸੈਟਲ ਹਨ। ਲੜਕੇ ਕੋਲ ਚੰਗੀ ਵਿਦਿਅਕ ਯੋਗਤਾ Diploma in computer engineering, certification of networking, c++,Networking ,Hacking. Some studied in online from America under NASA university, PhD in digital and cyber forensic.
ਸੰਪਰਕ : 778 908 1529 ***185***

### ਲੜਕੇ ਦੀ ਲੋੜ

ਕਨੇਡੀਅਨ ਪੀ ਆਰ ,ਜੱਟ ਸਿੱਖ ਚੌਹਾਨ ਪਰਿਵਾਰ ਦੀ ਸੋਹਣੀ ਸੁਨੱਖੀ ਲੜਕੀ ,ਉਮਰ 30 ਸਾਲ,ਕੱਦ 5 ਫੁੱਟ 3 ਇੰਚ, ਵਿਦਿਅਕ ਯੋਗਤਾ ਬੀ ਟੈੱਕ (ਇੰਡੀਆ) ਹਿਊਮਨ ਰਿਸੋਰਸ਼ ਮੈਨੇਜਮੈਂਟ ( ਮੈਕਵਾਨ ਯੂਨੀਵਰਿਸਟੀ ਕਨੇਡਾ) ਲਈ ਹਾਣ ਪਰਵਾਣ ਦੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ । ਮਾਲਵਾ ਇਲਾਕੇ ਨੂੰ ਪਹਿਲ । ਸੰਪਰਕ: 1 780 200 8270 ਜਾਂ ਈ ਮੇਲ : karanchouhan84@gmail.com ***185***

### ਲੜਕੀ ਦੀ ਲੋੜ

ਜੱਟ ਸਿੱਖ ਰਹਿਲ ਅੰਮ੍ਰਿਤਧਾਰੀ ਪਰਿਵਾਰ ਦੇ ਵਿਜਟਿਰ ਵੀਜੇ ਉੱਪਰ ਕਨੇਡਾ ਆਏ ਲੜਕੇ ਉਮਰ, 32 ਸਾਲ,ਕੱਦ 5 ਫੁੱਟ 9 ਇੰਚ, ਲਈ ਹਾਣ ਪਰਵਾਣ ਦੀ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸਟੂਡੈਂਟ ਵੀਜਾ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ । ਲੜਕੇ ਦਾ ਇੰਡੀਆ ਤੋਂ ਓ ਟੀ ਏ ਡਿਪਲੋਮਾ ਕੀਤਾ ਹੋਇਆ ਹੈ । ਸੰਪਰਕ: 587 716 2321***183***

### ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ ਜੱਟ ਸਿੱਖ ਹਲੈਤ ਪਰਿਵਾਰ ਦੇ ਤਲਾਕਸ਼ੁਦਾ ਲੜਕੇ , ਉਮਰ 39, ਕੱਦ 5 ਫੁੱਟ 11 ਇੰਚ, ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸਤੇ ਦੀ ਲੋੜ ਹੈ। ਲੜਕੀ ਕਨੇਡਾ ਤੋਂ ਹੀ ਹੋਵੇ। ਸੰਪਰਕ: 403 805 6615, 403 923 3440 ਜਾਂ ਫਿਰ ਈ ਮੇਲ ਵੀ ਕਰ ਸਕਦੇ ਹੋ: hallaitsaab@gmail.com ***183***

### ਲੜਕੇ/ਲੜਕੀ ਦੀ ਲੋੜ

ਜੱਟ ਸਿੱਖ ਘੁੰਮਣ ਪਰਿਵਾਰ ਦੀ ਕਨੇਡੀਅਨ ਪੀ ਆਰ ਲੜਕੀ, ਜਨਮ 1991,ਕੱਦ 5 ਫੁੱਟ 6 ਇੰਚ, ਵਿਦਿਅਕ ਯੋਗਤਾ ਐਮ ਟੈੱਕ ,ਲਈ ਕਨੇਡੀਅਨ ਪੀਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਆਈ ਟੀ ਕੰਪਨੀ ਵਿੱਚ ਚੰਗੀ ਜੌਬ ਕਰ ਰਹੀ ਹੈ। ਇਸੇ ਹੀ ਪਰਿਵਾਰ ਦਾ ਲੜਕਾ ਜੋ ਕਿ ਕਨੇਡਾ ਵਿੱਚ ਵਰਕ ਪਰਮਿਟ ਉੱਪਰ ਹੈ ,ਜਨਮ 1989,ਕੱਦ 5 ਫੁੱਟ 10 ਇੰਚ, ਵਿਦਿਅਕ ਯੋਗਤਾ ਬੀ ਏ ਲਈ ਵੀ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ ।ਲੜਕੇ ਅਤੇ ਲੜਕੀ ਦੀ ਭੈਣ ਕਨੇਡਾ ਸੈਟਲ ਹੈ। ਸੰਪਰਕ: 403 993-3186 ***183***

### ਲੜਕੀ ਦੀ ਲੋੜ

Canadian Citizen Jatt Sikh family seeks suitable match for their 29-year-old, 6 ft. tall son. He's Professional Engineer working within reputed international corporation and brought up in Canada. Seeking a Professionally Educated Girl. Contact: +1 403 828 7973 or acheema8811@gmail.com
***183***

### ਲੜਕੀ ਦੀ ਲੋੜ

Jatt Sikh family seek a suitable match for their 5ft. 8inch / 27 years old daughter. She is an Engineering Graduate from Canadian University and working with a reputed company. Boy should be professionally qualified and graduate from Canadian University (Doctor, Dentist, Lawyer, Engineer) and working in Canada. Contact: (403) 828 7973 or acheema8811@gmail.com***183***

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਸਹੋਤਾ ਪਰਿਵਾਰ ਦੇ ਤਲਾਕਸੁਦਾ ਲੜਕੇ ਉਮਰ 40 ਸਾਲ, ਕੱਦ 5 ਫੁੱਟ 9 ਇੰਚ, ਲਈ ਹਾਣ ਪਰਵਾਣ ਦੀ ਲੜਕੀ ਦੇ ਰਿਸਤੇ ਦੀ ਲੋੜ ਹੈ । ਲੜਕੀ ਦੀ ਉਮਰ 30 ਸਾਲ ਤੋਂ ਉੱਪਰ ਹੀ ਹੋਵੇ। ਸਟੂਡੈਂਟ, ਵਿਜਟਿਰ,ਵਰਕ ਪਰਮਿਟ ਉਪਰ ਜਾਂ ਬਿਨਾ ਬੱਚਿਆਂ ਦੇ ਤਲਾਕਸੁਦਾ ਲੜਕੀ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 431 373 8091***183***

### ਲੜਕੇ ਦੀ ਲੋੜ

Canadian PR MSc Nursing Ramgarya girl (D.O.B-16/10/1988) ht-5'3, looking for MSc/MTech clean shaven or trim beard Sikh and Vaishnu Ramgarya only boy (Height- 5'6-5'9)Work permit holders can also be considered. +1(639) 318-4864 or +91 9417589810***182***

### ਲੜਕੇ ਦੀ ਲੋੜ

ਕਨੇਡੀਅਨ ਸਿਟੀਜਨ,ਜੱਟ ਸਿੱਖ ਪਰਿਵਾਰ ਦੀ ਪੜੀ ਲਿਖੀ ਚੰਗੀ ਜੌਬ ਕਰਦੀ , ਵੈਸਨੂੰ ਲੜਕੀ ,ਉਮਰ 34 ਸਾਲ, ਕੱਦ 5 ਫੁੱਟ 3 ਇੰਚ, ਲਈ ਕਨੇਡਾ ਤੋਂ ਹੀ ਲੜਕੇ ਦੀ ਲੋੜ ਹੈ।ਸੰਪਰਕ: 587 664 3022 **181**

### ਲੜਕੇ ਦੀ ਲੋੜ

ਖੇਲਾ ਪਰਿਵਾਰ ਦੀ ਸੋਹਣੀ ਸੁਨੱਖੀ ਪੰਜਾਬ ਰਹਿੰਦੀ ਲੜਕੀ ਉਮਰ 20 ਸਾਲ , ਕੱਦ 5 ਫੁੱਟ 4 ਇੰਚ, ਵਿਦਿਅਕ ਯੋਗਤਾ ਗਰੇਡ ਟਵੈਲਵ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸਤੇ ਦੀ ਲੋੜ ਹੈ। ਵਰਕ ਪਰਮਿਟ ਜਾਂ ਸਟੂਡੈਂਟ ਆਇਆ ਲੜਕਾ ਵੀ ਸੰਪਰਕ ਕਰ ਸਕਦਾ ਹੈ । ਲੜਕੀ ਦਾ ਨਾਨਕਾ ਪਰਿਵਾਰ ਕਨੇਡਾ ਪੱਕੇ ਤੌਰ ਤੇ ਸੈਟਲ ਹੈ ਜੋ ਲੜਕੀ ਨੂੰ ਕਨੇਡਾ ਆਉਣ ਮੌਕੇ ਸੈਟਲ ਹੋਣ ਵਿੱਚ ਮੱਦਦ ਕਰ ਸਕਦਾ ਹੈ। ਸੰਪਰਕ: 587 937 0224 ***181***

### ਲੜਕੇ ਦੀ ਲੋੜ

ਜੱਟ ਸਿੱਖ ਪਰਿਵਾਰ ਦੀ ਸੋਹਣੀ ਸੁਨੱਖੀ ਚੰਗੀ ਪੜੀ ਲਿਖੀ ,ਬੈਂਕ ਦੀ ਜੌਬ ਕਰਦੀ, ਕਨੇਡੀਅਨ ਪੀ ਆਰ ( ਡਿਵੋਰਸ ਸਾਰਟ ਮੈਰਿਜ ) ਲੜਕੀ ਉਮਰ 29 ਸਾਲ ,ਕੱਦ 5 ਫੁੱਟ 8 ਇੰਚ, ਲਈ ਪੜੇ ਲਿਖੇ ਚੰਗੇ ਪਰਿਵਾਰ ਦੇ ਲੜਕੇ ਦੇ ਰਿਸਤੇ ਦੀ ਲੋੜ ਹੈ।ਲੜਕੀ ਦੀ ਵਿਦਿਅਕ ਯੋਗਤਾ ਐਮ ਬੀ ਏ (ਹਿਊਮਨ ਰਿਸੋਰਸ) ਹੈ।ਸੰਪਰਕ : 1 661 578 2665 (ਯੂਐਸ ਏ ) 9915240051 ਜਾਂ ਈ ਮੇਲ ਕਰੋ : UNITEDHIGHWAYS@GMAIL.COM ***181***

### ਲੜਕੀ ਦੀ ਲੋੜ

ਜੱਟ ਸਿੱਖ ਕਨੇਡੀਅਨ ਸਿਟੀਜਨ ,ਉਮਰ 38 ਸਾਲ, ਕੱਦ 5 ਫੁੱਟ 6 ਇੰਚ, ਸਾਊ ,ਨਸਾ ਰਹਿਤ, ਤਲਾਕਸੁਦਾ ਲੜਕੇ ਲਈ ਕਨੇਡਾ ਵਿੱਚ ਹੀ ਪੱਕੀ ਰਹਿੰਦੀ ਲੜਕੀ ਦੇ ਰਿਸਤੇ ਦੀ ਲੋੜ ਹੈ। ਲੜਕੀ ਘਰੇਲੂ ਵਿਚਾਰਾਂ ਵਾਲੀ ਘੱਟ ਪੜੀ ਲਿਖੀ ਹੀ ਹੋਵੇ। ਵਿਜਟਿਰ ਜਾਂ ਸਟੂਡੈਂਟ ਸੰਪਰਕ ਨਾ ਕਰਨ। ਲੜਕੇ ਦੇ ਪਹਿਲੇ ਵਿਆਹ ਵਿੱਚੋਂ 5 ਸਾਲ ਦੀ ਇੱਕ ਬੇਟੀ ਵੀ ਹੈ ਜੋ ਆਪਣੀ ਮਾਂ ਨਾਲ ਕਿਸੇ ਹੋਰ ਸਹਿਰ ਵਿੱਚ ਰਹਿੰਦੀ ਹੈ।ਸੰਪਰਕ: 204 632 4138 ***181***

### ਲੜਕੇ ਦੀ ਲੋੜ

ਕਨੇਡੀਅਨ ਸਿਟੀਜਨ ਜੱਟ ਸਿੱਖ ਚਹਿਲ ਪਰਿਵਾਰ ਦੀ ਲੜਕੀ, ਉਮਰ 31 ਸਾਲ, ਕੱਦ 5 ਫੁੱਟ 5 ਇੰਚ, ਲਈ ਹਾਣ ਪ੍ਰਵਾਣ ਦੇ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸਤੇ ਦੀ ਲੋੜ ਹੈ ।ਲੜਕੀ ਦੀ ਵਿਦਿਅਕ ਯੋਗਤਾ ਬੈਚੂਲਰ ਆਫ ਕਾਮਰਸ ਡਿਗਰੀ (ਇੰਡੀਆ) ਅਕਾਂਊਟਿੰਗ ਐਂਡ ਫਾਇਨੈਂਸਿੰਗ ਡਿਗਰੀ (ਕਨੇਡਾ) ਤੋਂ ਕੀਤੀ ਹੈ ਅਤੇ ਹੁਣ ਸਰਵਿਸ ਕਨੇਡਾ ਇੰਪਲਾਈਮੈਂਟ ਇੰਸੋਰੈਂਸ ਨਾਲ ਜੌਬ ਕਰ ਰਹੀ ਹੈ।ਸੰਪਰਕ ਲਈ ਈ ਮੇਲ : Navdeepkaur28@gmail.com ***181***

### ਲੜਕੇ ਦੀ ਲੋੜ

ਕਨੇਡੀਅਨ ਜੱਟ ਸਿੱਖ ਲੜਕੀ, ਉਮਰ 1981,ਕੱਦ 5 ਫੁੱਟ 4 ਇੰਚ, ਮਾਲਵਾ ਏਰੀਆ ਨਾਲ ਸਬੰਧਿਤ ,ਕੈਲਗਰੀ ਵਿੱਚ ਰਹਿ ਰਹੀ ਲੜਕੀ ਵਾਸਤੇ ਲੜਕੇ ਦੀ ਲੋੜ ਹੈ।ਸੰਪਰਕ : 403 671 3435 ਜਾਂ 587 891 3435 ***181***

### ਲੜਕੇ ਦੀ ਲੋੜ

ਜੱਟ ਸਿੱਖ ਬਰਾੜ ਪਰਿਵਾਰ ਦੀ ਕਨੇਡਾ ਵਿਜਟਿਰ ਵੀਜੇ ਉੱਪਰ ਆਈ ਲੜਕੀ ਉਮਰ 33 ਸਾਲ ,ਵਿਦਿਅਕ ਯੋਗਤਾ ਐਮ ਏ ਪੋਲੀਟੀਕਲ ਸਾਇੰਸ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੌਂ ਲੋੜ ਹੈ । ਵਰਕ ਪਰਮਿਟ ਵਾਲੇ ਵੀ ਸੰਪਰਕ ਕਰ ਸਕਦੇ ਹਨ।ਸੰਪਰਕ: 587 917 5911 ਜਾਂ 403 702 2524 ***182***

### ਲੜਕੀ ਦੀ ਲੋੜ

ਕਨੇਡਾ ਵਰਕ ਪਰਮਿਟ ਵੀਜੇ ਉੱਪਰ ਆਪਣਾ ਬਿਜਨਿਸ ਕਰ ਰਹੇ ਬਰਾੜ ਪਰਿਵਾਰ ਦੇ ਲੜਕੇ ,ਉਮਰ 30 ਸਾਲ,ਵਿਦਿਅਕ ਯੋਗਤਾ ਬੀ ਸੀ +ਐਮ ਸੀ ਏ ਡਿਗਰੀ ਹੋਲਡਰ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ ।ਸੰਪਰਕ: 587 917 5911 ਜਾਂ 403 702 2524 ***182***

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਗਰਚਾ ਪਰਿਵਾਰ ਦੇ ਲੜਕੇ ਉਮਰ 32 ਸਾਲ ,ਕੱਦ 5 ਫੁੱਟ 8 ਇੰਚ, ਵਿਦਿਅਕ ਯੋਗਤਾ ਇਲੈਕਟਰੀਸਨ ਡਿਪਲੋਮਾ ਹੋਲਡਰ ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸਤੇ ਦੀ ਲੋੜ ਹੈ । ਲੜਕੇ ਦਾ ਆਪਣਾ ਬਿਜਨਿਸ ਹੈ। ਵਿਜਟਰ ਜਾਂ ਵਰਕ ਪਰਮਿਟ ਉੱਪਰ ਲੜਕੀ ਵੀ ਸੰਪਰਕ ਕਰ ਸਕਦੀ ਹੈ । ਲੜਕੀ ਦੀ ਉਮਰ 25 ਸਾਲ ਤੋਂ ਉਪਰ ਹੋਵੇ ।ਸੰਪਰਕ: 403 615 0583 **190**

## ਵਾਇਰਸ ਦੀ ਚੌਥੀ ਲਹਿਰ ਹੋਰ ਤੇਜ਼ੀ ਨਾਲ ਫੈਲੇਗੀ ਤੇ ਹੈਲਥ ਕੇਅਰ ਸਿਸਟਮ ਉਪਰ ਜ਼ਿਆਦਾ ਬੋਝ ਪੈਣ ਦਾ ਖ਼ਦਸ਼ਾ ਹੈ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ)- ਐਲਬਰਟਾ ਵਿੱਚ ਕੌਨਟੈਕਟ ਟ੍ਰੇਸਿੰਗ ਦਾ ਕੰਮ ਕਰਨ ਵਾਲੇ ਕਰਮਚਾਰੀਆਂ ਦਾ ਕਹਿਣਾ ਹੈ ਕਿ ਸਰਕਾਰ ਵੱਲੋਂ ਕੋਵਿਡ-19 ਦੇ ਫੈਲਾਅ ਦੀ ਪੂਰੀ ਇਨਵੈਸਟਿਗੇਸ਼ਨ ਕਰਵਾਉਣ ਦੇ ਕੰਮ ਨੂੰ ਬੰਦ ਕਰਨਾ ਕਿਸੇ ਵੀ ਤਰ੍ਹਾਂ ਨਾਲ ਠੀਕ ਫੈਸਲਾ ਨਹੀਂ ਹੈ। ਇਹਨਾਂ ਕਰਮਚਾਰੀਆਂ ਦਾ ਕਹਿਣਾ ਹੈ ਕਿ ਇਸ ਨਾਲ ਵਾਇਰਸ ਦੀ ਚੌਥੀ ਲਹਿਰ ਹੋਰ ਤੇਜ਼ੀ ਨਾਲ ਫੈਲੇਗੀ ਤੇ ਹੈਲਥ ਕੇਅਰ ਸਿਸਟਮ ਉੱਪਰ ਜ਼ਿਆਦਾ ਬੋਝ ਪੈਣ ਦਾ ਖ਼ਦਸ਼ਾ ਬਣਿਆ ਹੋਇਆ ਹੈ। ਬਾਕੀ ਜ਼ਿੰਮੇਦਾਰੀਆਂ ਦੇ ਨਾਲ ਨਾਲ ਕੌਨਟੈਕਟ ਟ੍ਰੇਸਰਜ਼ ਕੋਵਿਡ-19 ਟੈਸਟਾਂ ਦੇ ਪੌਜ਼ਿਟਿਵ ਆਉਣ ਵਾਲੇ ਮਾਮਲਿਆਂ ਦਾ ਡੇਟਾਬੇਸ ਸੂਬਾ ਸਰਕਾਰ ਨੂੰ ਭੇਜਦੇ ਹਨ ਤੇ ਉਹਨਾਂ ਵਿਅਕਤੀਆਂ ਨੂੰ ਮੌਨਿਟਰ ਕਰਦੇ ਹਨ ਜਿਹੜੇ ਵਾਇਰਸ ਪੌਜ਼ਿਟਿਵ ਆਉਂਦੇ ਹਨ। ਸਕੂਲਾਂ ਅਤੇ ਹੋਰ ਸੰਗਠਨਾਂ ਨਾਲ ਵੀ ਇਹ ਕਰਮਚਾਰੀ ਤਾਲਮੇਲ ਰੱਖਦੇ ਹਨ। ਲੰਘੀ 29 ਜੁਲਾਈ ਨੂੰ ਚੀਫ਼ ਮੈਡਿਕਲ ਔਫਿਸਰ ਔਫ਼ ਹੈਲਥ ਡਾ. ਡੀਨਾ ਹਿਨਸ਼ੌਅ ਨੇ ਐਲਾਨ ਕੀਤਾ ਸੀ ਕਿ ਇਨਵੈਸਟਿਗੇਸ਼ਨ ਅਤੇ ਕੌਨਟੈਕਟ ਟ੍ਰੇਸਿੰਗ ਦੇ ਕੰਮ ਨੂੰ ਘਟਾਇਆ ਜਾਵੇ ਤੇ ਕਲੋਜ਼ ਕੌਨਟੈਕਟਸ ਨਾਲ ਸੰਪਰਕ ਕਰਨ ਨੂੰ ਰੋਕ ਦਿੱਤਾ ਗਿਆ ਸੀ। ਕੌਨਟੈਕਟ ਟ੍ਰੇਸਰਜ਼ ਨੇ ਮੰਗ ਕੀਤੀ ਹੈ ਕਿ ਇਸ ਕੰਮ ਨੂੰ ਘਟਾਉਣ ਦੀ ਨਹੀਂ ਸਗੋਂ ਮੇਨਟੇਨ ਕਰਨ ਦੀ ਵੱਧੇਰੇ ਜ਼ਰੂਰਤ ਹੈ।

# Job scams surge during pandemic

**Calgary (PAB)** You get a call from a recruiter pitching an opening at Company X. Your qualifications seem to match what they're looking for, an interview is arranged, and in short order you're offered the job.

"If the job offer seems too good to be true it just may be," says Mary O'Sullivan-Andersen, President and CEO of BBB Serving Southern Alberta and East Kootenay.

She adds, "During the pandemic this type of fraudulent activity has increased. In recent days a Calgarian was contacted by email, participated in a phone interview and was offered the position. The problem is the job didn't exist and it was all an elaborate scam to gather personal and banking information to steal the individual's money."

This morning BBB released a report overviewing the problem. The largest group of reports were from those 25-34, accounting for 28.2 per cent of the BBB Scam Tracker reports, followed by those 35-44, with 21 per cent of reports.

"These reprehensible fraudsters are after your money and personal information," says O'Sullivan-Andersen. "We know that thousands of these scams are committed across Canada every year with losses amounting to millions of dollars. Protect yourself by learning more about how these scams operate."

**Tips to avoid employment scams**

- **Some positions are more likely to be scams.** Always be wary of work-from-home, package reshipment, and secret shopper positions, as well as any job with a generic title such as caregiver, administrative assistant, or customer service rep. Positions that don't require special training or licensing appeal to a wide range of applicants. Scammers know this and use these otherwise legitimate titles in their fake ads. If the job posting is for a well-known brand, check the real company's job page to see if the position is posted there. Look online; if the job comes up in other cities with the exact same post, it's likely a scam.
- **Different procedures should raise your suspicion.** Any sort of pressure to sign or onboard is a red flag, as legitimate companies will understand that employment choices are big decisions. Watch out for on-the-spot job offers. You may be an excellent candidate for the job, but beware of offers made without an interview. A real company will want to talk to a candidate before hiring. Be careful if a company *promises* you great opportunities or a big income under the condition that you pay for coaching, training, certifications or directories.
- **Never deposit unexpected or fishy cheques.** Be cautious sharing any kind of personal information (including your banking and credit cards) or accepting any kind of pre-payment. Don't fall for an overpayment scam; no legitimate job would ever overpay an employee and ask for money to be wired elsewhere.
- **Get all details and contracts in writing.** A legitimate recruiter will provide you with a complete contract for their services with cost, what you get, who pays (you or the employer), and what happens if you do not find a job.

"ਪੰਜਾਬੀ ਅਖ਼ਬਾਰ" ਵਿੱਚ ਖਬਰਾਂ,ਕਾਰੋਬਾਰ ਵਿੱਚ ਵਾਧੇ ਲਈ ਵਿਓਪਾਰਕ ਐਡਵਰਟਾਈਜ਼ਮੈਂਟ,ਬੱਚਿਆਂ ਦੇ ਜਨਮ ਦਿਨ ਮੌਕੇ ਦੀਆਂ ਤਸਵੀਰਾਂ,ਵਿਆਹ ਦੀ ਵਰ੍ਹੇਗੰਢ, ਵਿਆਹ ਲਈ ਲੜਕੇ ਲੜਕੀ ਦੀ ਭਾਲ ਸਬੰਧੀ,ਵਰਕਰਾਂ ਦੀ ਲੋੜ,ਘਰ ਜਾਂ ਕਾਰ ਖਰੀਦਣ ਜਾਂ ਵੇਚਣ ਸਬੰਧੀ ਇਸਤਿਹਾਰ ਜਾਂ ਆਪਣੀਆਂ ਰਚਨਾਵਾਂ ਛਪਵਾਉਣ ਲਈ ਸੰਪਰਕ ਕਰੋ ।
ਕੈਲਗਰੀ-403 640 2000
ਐਡਮਿੰਟਨ-780 599 2000 ਸੈਸਕਾਟੂਨ 639 999 1000
ਰੀਜਾਇਨਾ- 639 999 1000, ਵਿਨੀਪੈੱਗ- 431 733 3000

Masihi Life Church
3663 19th STREET CALGARY AB T2E 6S8
FOR PRAYER CALL
403-429-0369
ਯੂਹੰਨਾ 8:12
ਯਿਸੂ ਨੇ ਆਖਿਆ ਕਿ ਜਗਤ ਦਾ ਚਾਨਣ ਮੈਂ ਹਾਂ। ਜਿਹੜਾ ਮੇਰੇ ਪਿੱਛੇ ਤੁਰਦਾ ਹੈ ਹਨੇਰੇ ਵਿੱਚ ਕਦੇ ਨਾ ਚੱਲੇਗਾ ਸਗੋਂ ਉਹ ਦੇ ਕੋਲ ਜੀਵਨ ਦਾ ਚਾਨਣ ਹੋਵੇਗਾ।
Are you searching for a church to attend
Come and join us
(Service in Hindi/Punjabi)
We welcome you all
CHURCH SERVICE EVERY
SUNDAY 12PM TO 3PM
facebook
ਮੱਤੀ 11:28
ਹੇ ਸਾਰੇ ਥੱਕੇ ਹੋਇਓ ਅਤੇ ਭਾਰ ਹੇਠ ਦੱਬੇ ਹੋਇਓ, ਮੇਰੇ ਕੋਲ ਆਓ ਤਾਂ ਮੈਂ ਤੁਹਾਨੂੰ ਅਰਾਮ ਦਿਆਂਗਾ




ਕੈਲਗਰੀ ਦੀ ਨਾਮਵਰ ਕੰਪਨੀ ਨੂੰ ਘਰਾਂ ਦੇ ਕੰਮ ਲਈ ਵਰਕਰਾਂ ਦੀ ਸਖਤ ਲੋੜ ਹੈ।
ਰੂਫਰ ਅਤੇ ਸਾਈਡਿੰਗ ਇੰਨਸਟਾਲਰ ਚਾਹੀਦੇ ਹਨ। ਜੇਕਰ ਤਜਰਬਾ ਹੋਵੇ ਤਾਂ ਵਧੀਆ ਹੈ ਨਹੀਂ ਤਾਂ ਉਹ ਖੁਦ ਕੰਮ ਸਿਖਾ ਵੀ ਦੇਣਗੇ। ਅੰਗਰੇਜੀ ਦੀ ਕੋਈ ਸਮੱਸਿਆ ਨਹੀਂ ਜ਼ਿਆਦਾ ਵਰਕਰ ਪੰਜਾਬੀ ਹੀ ਬੋਲਦੇ ਹਨ ਐਲ ਐਮ ਆਈ ਏ ਦਿਵਾਉਣ ਵਿੱਚ ਵੀ ਮੱਦਦ ਕਰ ਸਕਦੇ ਹਨ।
ਅੱਜ ਹੀ ਕਾਲ ਕਰੋ:
403 680 0436

ਏ ਵਨ ਸਟੱਕੋ ਕੈਲਗਰੀ ਵਾਲਿਆਂ ਨੂੰ ਵਰਕਰਾਂ ਦੀ ਲੋੜ
A1 Roofing & Siding Ltd.
• ROOFING
• SIDING
• SOFFIT
• STUCCO
• HARDIE
• FASCIA
• EAVESTROUGH
ਘਰਾਂ ਦੀਆਂ ਛੱਤਾਂ ਅਤੇ ਸਾਈਡਿੰਗ, ਸਟੱਕੋ ਦਾ ਤਸੱਲੀਬਖ਼ਸ਼ ਕੰਮ ਕਰਵਾਓ
Jaswinder 403-614-2094 Harwinder 403-402-5615
ਏ ਵਨ ਸਟੱਕੋ ਕੈਲਗਰੀ ਵਾਲਿਆਂ ਨੂੰ ਵਰਕਰਾਂ ਦੀ ਲੋੜ "ਐਲ ਐਮ ਆਈ ਵੀ ਮਿਲ ਜਾਵੇਗੀ "ਜੇਕਰ ਕੰਮ ਦਾ ਤਜ਼ਰਬਾ ਨਹੀਂ ਹੈ ਤਾਂ ਉਹ ਕੰਮ ਵੀ ਸਿਖਾ ਦੇਣਗੇ। ਸਰੀਰਕ ਤੌਰ ਤੇ ਮਿਹਨਤ ਮੁਸ਼ੱਕਤ ਵਾਲਾ ਕੰਮ ਕਰਨ ਵਾਲੇ ਸੰਪਰਕ ਕਰਨ "403 614 2094 ਜਾਂ 403 402 5615

Hiring !
Daffodils Cargo Logistics Inc. is looking for Class 1 Drivers for Long - Haul Best pay packages upto 58 cents per mile Applicants should have minimum of 7 - 12 months driving experience Please contact with your driving license and commercial driving abstract
Email : dclogistics4@gmail.com
Phone : 204-396-1696 , 204-891-0031

Hiring
Hair and face art salon is looking for hairdresser (NOC CODE 6341) Applicants should have minimum of 1-2 years of experience.
Number of Vacancies :2
Wage rate: 20/hour full time job
Interested candidates please send your resume at email: hairandfaceart994@gmail.com

Tractor Trucks for Lease
Two Trucks for Lease
Volvo Trucks with Sleeper
Maintenance Free Lease
Minimum Six Months to Twelve Months Lease
Good for Local, Regional/Short-Haul
$5000.00 Down
$4000.00 Per Month
Some Restrictions Apply
Please Contact:
FRESH FREIGHT



KulbirShergill Fresh Freight Ltd
Phone or Text- 403-510-0070
Email: info@freshfreight.ca

A-CHOICE DRIVING SCHOOL
Bay# 324, 4774 Westwinds Dr NE
Calgary Alberta T3J 0L9
Tel: 403-473-1682



# ਕੈਨੇਡਾ ਦੇ ਮੂਲ ਨਿਵਾਸੀਆਂ ਦੀਆਂ ਬਾਤਾਂ





ਜਗਦੇਵ ਸਿੱਧੂ ਕੈਲਗਰੀ
403 351 1136

ਬਹੁਤ ਪੁਰਾਣੀ ਗੱਲ ਹੈ ਕਿ ਅਸਮਾਨ ਬਹੁਤ ਨੀਵਾਂ ਹੁੰਦਾ ਸੀ, ਏਨਾ ਨੀਵਾਂ ਕਿ ਮਾਵਾਂ ਹੱਥ ਨਾਲ ਤਾਰੇ ਤੋੜ ਕੇ ਆਪਣੇ ਨਿਆਣਿਆਂ ਦੀ ਘੀਸੀ ਕਰ ਦਿੰਦੀਆਂ ਸਨ। ਦੁਖੀ ਹੋ ਕੇ ਅਸਮਾਨ ਉੱਪਰ ਨੂੰ ਜਾਣ ਲੱਗ ਪਿਆ। ਓਧਰੋਂ ਕੋਈ ਪਾਲ਼ੀ ਵੱਗ ਚਾਰਦਾ ਫਿਰਦਾ ਸੀ। ਉਸ ਦਾ ਕੋਈ ਢਾਂਡਾ ਪਰ੍ਹਾਂ ਨੂੰ ਭੱਜਿਆ ਜਾ ਰਿਹਾ ਸੀ। ਉਸ ਨੂੰ ਰੋਕਣ ਲਈ ਪਾਲ਼ੀ ਨੇ ਉੱਚੀ ਦੇਣੇ ਹਾਕ ਮਾਰੀ-- ਉਏ ਖੜ੍ਹ ਜਾ ਮੰਨੋ ਜਾਣਿਆਂ, ਖੜ੍ਹ ਜਾ ਐਥੇ ਈ। ਅਸਮਾਨ ਨੂੰ ਲੱਗਿਆ ਮੈਨੂੰ ਕਹਿੰਦੈ ਤੇ ਉਹ ਜਿਥੋਂ ਤੱਕ ਉੱਚਾ ਹੋਇਆ ਸੀ ਉੱਥੇ ਹੀ ਰੁਕ ਗਿਆ, ਟਿਕ ਗਿਆ। ਉਦੋਂ ਤੋਂ ਲੈ ਕੇ ਅੱਜ ਤੱਕ ਅਸਮਾਨ ਓਥੇ ਹੀ ਖੜ੍ਹਾ ਹੈ। ਇਸੇ ਤਰ੍ਹਾਂ ਸੁਣਦੇ ਆਏ ਹਾਂ ਕਿ ਚੰਦ੍ਰਮਾ ਉੱਤੇ ਇੱਕ ਬੁੱਢੀ ਔਰਤ ਚਰਖਾ ਕਤਦੀ ਹੈ। ਇਹ ਵੀ ਸੁਣਦੇ ਆਏ ਹਾਂ ਕਿ ਜਦੋਂ ਰਾਹੂ- ਕੇਤੂ ਚੰਦ-ਸੂਰਜ ਤੋਂ ਕਰਜ਼ਾ ਵਾਪਸ ਮੰਗਦੇ ਹਨ ਤਾਂ ਚੰਦ-ਸੂਰਜ ਨੂੰ ਗ੍ਰਹਿਣ ਲਗਦੇ ਹਨ, ਤਾਂ ਹੀ ਤਾਂ ਕਰਜ਼ਾ ਉਤਾਰਨ ਵਾਸਤੇ ਉਸ ਦਿਨ ਮਣਾਂ-ਮੂੰਹੀਂ ਦਾਨ ਕਰਵਾਏ ਜਾਂਦੇ ਹਨ ( ਇਹ ਪੁੰਨ-ਦਾਨ ਪੰਡਤਾਂ ਨੂੰ ਕਰਨਾ ਹੁੰਦਾ ਹੈ ਜਿਵੇਂ ਉਹ ਰਾਹੂ-ਕੇਤੂ ਦੇ ਸਕੇ ਹੋਣ )। ਇਹ ਹਨ ਸਾਡੇ ਸਮਾਜ ਦੀਆਂ ਦੰਦ-ਕਥਾਵਾਂ ਦੇ ਕੁਛ ਨਮੂਨੇ। ਇਹ ਦੰਦ-ਕਥਾਵਾਂ ਨਿਰੋਲ ਕਲਪਨਾ ਜਾਂ ਝੂਠ ਵੀ ਹੋ ਸਕਦੀਆਂ ਹਨ ਤੇ ਕਿਤੇ ਕੋਈ ਸਚਾਈ ਵੀ ਇਨ੍ਹਾਂ ਦਾ ਆਧਾਰ ਹੋ ਸਕਦੀ ਹੈ ਜਾਂ ਇਨ੍ਹਾਂ ਵਿਚ ਸੰਭਵਤਾ ਦਾ ਅੰਸ਼ ਵੀ ਹੋ ਸਕਦਾ ਹੈ।

**ਇਸੇ ਤਰ੍ਹਾਂ ਦੀਆਂ ਮਿਥਿਹਾਸਕ ਦੰਦ-**ਕਥਾਵਾਂ ਸਾਰੇ ਪੁਰਾਤਨ ਸਮਾਜਾਂ ਅੰਦਰ ਮੌਜੂਦ ਹਨ। ਉੱਤਰੀ ਅਮਰੀਕਾ ਖਾਸ ਕਰ ਕੇ ਕੈਨੇਡਾ ਦੀ ਧਰਤੀ ਉੱਪਰ ਮੁੱਦਤਾਂ ਤੋਂ ਰਹਿੰਦੇ ਆ ਰਹੇ ਮੂਲਨਿਵਾਸੀਆਂ ਦੀਆਂ ਵੀ ਆਪਣੀਆਂ ਹੀ ਬਾਤਾਂ ਹਨ ਜੋ ਮਿਥਿਹਾਸਕ ਵੀ ਹੋ ਸਕਦੀਆਂ ਹਨ। ਪਰ ਕੁਛ ਤਾਂ ਵਿਗਿਆਨਕ ਖੋਜਾਂ, ਖਾਸ ਕਰ ਕੇ ਪੁਰਾਤੱਤਵ ਵਿਗਿਆਨ ਮੁਤਾਬਕ ਸਹੀ ਵੀ ਸਿੱਧ ਹੋ ਰਹੀਆਂ ਹਨ। ਇਹ ਬਾਤਾਂ ਇੱਕ ਪੀੜ੍ਹੀ ਤੋਂ ਅਗਲੀ ਪੀੜ੍ਹੀ ਤੱਕ ਜ਼ਬਾਨੀ-ਕਲਾਮੀ ਤੁਰੀਆਂ ਆ ਰਹੀਆਂ ਹਨ। ਹੁਣ ਇਨ੍ਹਾਂ ਦੇ ਪੜ੍ਹੇ-ਲਿਖੇ ਤਬਕੇ ਦੁਆਰਾ ਇਨ੍ਹਾਂ ਦੰਦ-ਕਥਾਵਾਂ ਨੂੰ ਕਲਮ-ਬੰਦ ਕੀਤਾ ਜਾ ਰਿਹਾ ਹੈ। ਇਹ ਬਾਤਾਂ ਦਿਲਚਸਪ ਵੀ ਹਨ ਅਤੇ ਇਨ੍ਹਾਂ ਲੋਕਾਂ ਦੇ ਵਿਸ਼ਵਾਸ ਵਿਚ ਘਰ ਕਰ ਚੁੱਕੀਆਂ ਹਨ। ਇਨ੍ਹਾਂ ਵਿੱਚੋਂ ਕੁੱਝ ਕੁ ਦਾ ਸੰਖੇਪ ਜ਼ਿਕਰ ਕਰਨਾ ਇਨ੍ਹਾਂ ਨੂੰ ਜਾਨਣ ਵਿਚ ਸਹਾਈ ਹੋਵੇਗਾ। ਇਹ ਇਨ੍ਹਾਂ ਦੇ ਪਰਿਵਾਰਕ ਜੀਵਨ ਅਤੇ ਸਭਿਆਚਾਰ ਦਾ ਵਿਲੱਖਣ ਸਰਮਾਇਆ ਹਨ।

**ਮਿਕਮੈਕ ਅਨੁਸਾਰ ਸਿਰਜਣਾ ਦੀ ਕਹਾਣੀ--** ਗਲੂਸਕੈਪ ( ਰੱਬ ) ਇਸ ਧਰਤੀ (ਵੇਸਗਿਟ ) ਉੱਪਰ ਪਹਿਲਾ ਆਦਮੀ (ਓਸਗੀਜੀਨਿਊ ) ਹੋਇਆ ਹੈ ਜਿਵੇਂ ਜੈਨੇਸਿਜ਼ ਦੇ ਗ੍ਰੰਥ ਮੁਤਾਬਕ ਆਦਮ ਹੋਇਆ ਮੰਨਿਆਂ ਜਾਂਦਾ ਹੈ। ਇਹ ਗਲੂਸਕੈਪ ਮਿੱਟੀ ਘੱਟੇ, ਕੰਕਰ ਪੱਥਰ, ਲੱਕੜੀ, ਪੌਦੇ ਅਤੇ ਖੰਭਾਂ ਦਾ ਬਣਿਆ ਹੋਇਆ ਸੀ ਜਿਸ ਅੰਦਰ ਬਿਜਲੀ ਦੀ ਲਿਸ਼ਕ ਨੇ ਜਾਨ ਪਾਈ ਸੀ। ਇੱਕ ਦਿਨ ਗਲੂਸਕੈਪ ਨੇ ਐਲਾਨ ਕੀਤਾ ਕਿ ਉਹ ਇਸ਼ਨਾਨ ਕਰਨਾ ਚਾਹੁੰਦਾ ਹੈ। ਪਾਣੀ ਇਕੱਤਰ ਕਰਨ ਲਈ ਬੀਵਰ ਨੇ ਇੱਕ ਡੈਮ ਬਣਾਇਆ ਤਾਂ ਜੋ ਇਤਨਾ ਪਾਣੀ ਇਕੱਠਾ ਹੋ ਸਕੇ ਜੋ ਗਲੂਸਕੈਪ ਨੂੰ ਢਕ ਸਕੇ ਤੇ ਉਹ ਇਸ਼ਨਾਨ ਕਰ ਸਕੇ। ਉਦੋਂ ਇੱਕ ਵੱਡੀ ਸਾਰੀ ਵ੍ਹੇਲ ਆਈ। ਜਦੋਂ ਵ੍ਹੇਲ ਨੇ ਵੇਖਿਆ ਕਿ ਉਸ ਦਾ ਰਾਹ ਡੈਮ ਨੇ ਰੋਕ ਰੱਖਿਆ ਹੈ ਤਾਂ ਉਸ ਨੇ ਗੁੱਸੇ ਵਿਚ ਆ ਕੇ ਡੈਮ ਨੂੰ ਢਾਹ ਦਿੱਤਾ। ਇਸ ਨਾਲ ਅਜਿਹੀਆਂ ਜਵਾਰਭਾਟੇ ਦੀਆਂ ਤੂਫ਼ਾਨੀ ਲਹਿਰਾਂ ਉੱਠੀਆਂ ਜਿਹੜੀਆਂ ਫੂੰਡੀ ਦੀ ਖਾੜੀ ਵਿਚ ਹਰ ਰੋਜ਼ ਦੋ ਵਾਰ ਉੱਪਰ ਉਠਦੀਆਂ ਸਨ।

**ਸਿਕਸਿਕਾ ਦੀ ਸਿਰਜਣਾ ਕਹਾਣੀ--** ਸਿਕਸਿਕਾ ( ਬਲੈਕਫੁਟ ) ਕਬੀਲੇ ਅਲਬਰਟਾ ਤੇ ਸਸਕੈਚਵਨ ਸੂਬਿਆਂ ਦੇ ਵਸਨੀਕ ਹਨ। ਇਨ੍ਹਾਂ ਦਾ ਮੰਨਣਾ ਹੈ ਕਿ ਨਾਪੀ ਨੇ ਸੰਸਾਰ ਦੀ ਸਿਰਜਣਾ ਕੀਤੀ। ਉਹ ਪਹਿਲਾਂ ਦੱਖਣ ਵਿਚ ਆਬਾਦ ਹੋਇਆ। ਇੱਕ ਦਿਨ ਜਦੋਂ ਉਹ ਇੱਕ ਪਹਾੜੀ ਤੇ ਬੈਠਾ ਸੀ ਤਾਂ ਉਸ ਨੂੰ ਇਕੱਲੇਪਣ ਦਾ ਅਹਿਸਾਸ ਹੋਇਆ। ਇਸ ਲਈ ਉਸ ਨੇ ਆਦਮੀ ਤੇ ਇਸਤਰੀ ਦੀ ਸਿਰਜਣਾ ਕੀਤੀ। ਕੁਛ ਚਿਰ ਨਾਪੀ ਉਨ੍ਹਾਂ ਦੇ ਨਾਲ ਰਿਹਾ। ਇਸ ਦੌਰਾਨ ਨਾਪੀ ਨੇ ਆਦਮੀ ਔਰਤ ਨੂੰ ਜਿਉਣ ਤੇ ਰਹਿਣ ਦਾ ਢੰਗ ਸਿਖਾਇਆ। ਇਸ ਤੋਂ ਵਿਹਲਾ ਹੋ ਕੇ ਉਸ ਨੇ ਜਾਨਵਰ ਬਣਾਏ ਤੇ ਉਨ੍ਹਾਂ ਨੂੰ ਵੀ ਜਿਉਣ ਤੇ ਰਹਿਣ ਦੇ ਗੁਰ ਸਿਖਾਏ। ਉੱਥੋਂ ਰੁਖ਼ਸਤ ਹੋਣ ਤੋਂ ਪਹਿਲਾਂ ਉਸ ਨੇ ਇਨ੍ਹਾਂ ਲੋਕਾਂ ਨੂੰ ਇੱਕ ਨਾਂ ਦੇ ਦਿੱਤਾ - ਅਸਲੀ ਲੋਕ। ਉਸ ਸਮੇਂ ਨਾਪੀ ਦੇ ਹੱਥਾਂ ਵਿਚ ਦੋ ਚੀਜ਼ਾਂ ਫੜੀਆਂ ਹੋਈਆਂ ਸਨ, ਇੱਕ ਹੱਥ ਵਿਚ ਇੱਕ ਚੀਜ਼ ਤੇ ਦੂਸਰੇ ਹੱਥ ਵਿਚ ਇੱਕ ਹੋਰ ਚੀਜ਼। ਫਿਰ ਉਸ ਨੇ ਇੱਕ ਹੱਥ ਉਠਾ ਕੇ ਕਿਹਾ,'' ਇਹ ਹੈ ਤੁਹਾਡਾ ਸਭਿਆਚਾਰ''-ਤੇ ਸਭਿਆਚਾਰ ਉਨ੍ਹਾਂ ਦੇ ਹਵਾਲੇ ਕਰ ਦਿੱਤਾ। ਫਿਰ ਉਸ ਨੇ ਦੂਜਾ ਹੱਥ ਉੱਚਾ ਕੀਤਾ ਤੇ ਕਿਹਾ,''ਇਸ ਹੱਥ ਵਿਚਲੀ ਚੀਜ਼ ਨੂੰ ਵਰਤਣਾ ਨਹੀਂ , ਜੇ ਵਰਤਿਆ ਤਾਂ ਤੁਹਾਡੇ ਲੋਕ ਮਾਰੇ ਜਾਣਗੇ''। ਇਸ ਹੱਥ ਵਿਚ ਸਫੈਦ (ਗੋਰੇ ) ਆਦਮੀ ਦਾ ਧਰਮ ਸੀ । ਤਰਾਸਦੀ ਇਹ ਇਨ੍ਹਾਂ ਲੋਕਾਂ ਨੇ ਸਫੈਦ ਲੋਕਾਂ ਦੇ ਧਰਮ ਨੂੰ ਵਰਤ ਲਿਆ। ਇਹੋ ਕਾਰਨ ਹੈ ਕਿ ਇਹ ਲੋਕ ਇਸ ਧਰਮ ਦੇ ਹੱਥੋਂ ਮਾਰੇ ਗਏ ਤੇ ਮਾਰੇ ਜਾ ਰਹੇ ਹਨ ।ਇਸ ਤੋਂ ਮਗਰੋਂ ਨਾਪੀ ਉੱਤਰ ਵੱਲ ਚਲਾ ਗਿਆ, ਫੇਰ ਪੂਰਬ ਵੱਲ, ਫੇਰ ਪੱਛਮ ਵੱਲ। ਉਨ੍ਹਾਂ ਥਾਵਾਂ ਤੇ ਵੀ ਇਸੇ ਤਰ੍ਹਾਂ ਲੋਕਾਂ ਦੀ ਸਿਰਜਣਾ ਕਰਦਾ ਗਿਆ, ਆਰਾਮ ਕਰਦਾ ਗਿਆ ਤੇ ਉਨ੍ਹਾਂ ਨੂੰ ਵੀ ਜਿਉਣ-ਰਹਿਣ ਦੇ ਢੰਗ-ਤਰੀਕੇ ਸਿਖਾਉਂਦਾ ਰਿਹਾ। ਫੇਰ ਨਾਪੀ ਇਹ ਕਹਿ ਕੇ ਆਕਾਸ਼ ਵਿਚ ਚਲਾ ਗਿਆ ਕਿ ਉੱਥੇ ਉਹ ਆਪਣੇ ਲੋਕਾਂ ਦੀ ਉਡੀਕ ਕਰੇਗਾ। ਜਾਣ ਤੋਂ ਪਹਿਲਾਂ ਉਸ ਨੇ ਲੋਕਾਂ ਨੂੰ ਮਿੱਠਾ ਘਾਹ ( ਸਵੀਟ ਗਰਾਸ ਜੋ ਇੱਥੇ ਬਹੁਤ ਹੁੰਦਾ ਹੈ ) ਦਿੱਤਾ ਅਤੇ ਕਿਹਾ,''ਜਦੋਂ ਤੁਸੀਂ ਇਸ ਨੂੰ ਜਲਾਓਗੇ ਅਤੇ ਪ੍ਰਾਰਥਨਾ ਕਰੋਗੇ (ਇਹ ਐਨ ਸਾਡੇ ਧੂਫ਼ ਦੇਣ ਅਤੇ ਅਰਦਾਸ ਕਰਨ ਵਾਂਗ ਹੈ ), ਤਾਂ ਮੈਨੂੰ ਇਸ ਦੀ ਵਾਸ਼ਨਾ ਆ ਜਾਵੇਗੀ ਤੇ ਮੈਂ ਸਮਝ ਜਾਵਾਂਗਾ ਕਿ ਤੁਸੀਂ ਮੇਰੇ ਕੋਲ ਪ੍ਰਾਰਥਨਾ ਕਰ ਰਹੇ ਹੋ''। ਇਹ ਕਹਾਣੀ ਬਿਆਨ ਕਰਦੀ ਹੈ ਕਿ ਬਲੈਕਫੁਟ ਲੋਕਾਂ ਦੀ ਨਾਪੀ ਨੇ ਸਿਰਜਣਾ ਕੀਤੀ, ਉਨ੍ਹਾਂ ਨੂੰ ਉਸ ਨੇ ਵਿਸ਼ੇਸ਼ ਨਾਮ-ਨੀਤਸਿਤਾਪੀਸਿੱਨੀ ( ਬਲੈਕਫੁਟ ) ਨਾਮ ਦਿੱਤਾ ਅਤੇ ਸਭਿਆਚਾਰ ਦਿੱਤਾ, ਜਿਸ ਨੂੰ ਦੈਵੀ ਅਸ਼ੀਰਵਾਦ ਪ੍ਰਾਪਤ ਸੀ। ਉਸ ਨੇ ਉਨ੍ਹਾਂ ਲੋਕਾਂ ਨੂੰ ਇੱਕ ਵਿਲੱਖਣ ਧਾਰਮਕ ਸਮਾਰੋਹ (ਸਵੀਟ ਗਰਾਸ ਸੈਰੇਮਨੀ) ਪ੍ਰਦਾਨ ਕੀਤਾ ਜਿਸ ਦੇ ਮਾਧਿਅਮ ਰਾਹੀਂ ਉਹ ਸਿਰਜਣਹਾਰ ਨਾਲ ਰਾਬਤਾ ਕਾਇਮ ਕਰ ਸਕਦੇ ਹਨ। ਇਸ ਦੰਦ-ਕਥਾ ਵਿਚਲੀ ਭਵਿੱਖਬਾਣੀ ਇਹ ਹੈ ਕਿ ਕੋਈ ਇਸ ਤੋਂ ਵਿਰੋਧੀ ਜਾਂ ਉਲਟੇ ਵਿਸ਼ਵਾਸ ਵਾਲਾ ਸਿਸਟਮ ਬਲੈਕਫੁਟ ਸਿਸਟਮ ਨੂੰ ਢਾਹ ਲਾਵੇਗਾ ਅਤੇ ਆਪਣੇ ਆਪ ਨੂੰ ਉਸ ਓਪਰੇ ਸਿਸਟਮ ਮੁਤਾਬਕ ਢਾਲਣਾ ਅਖੀਰ ਨੂੰ ਬਲੈਕਫੁਟ ਦੇ ਰੀਤੀ ਰਿਵਾਜਾਂ ਤੇ ਜਿਉਣ-ਢੰਗ ਨੂੰ ਖ਼ਤਮ ਕਰੇਗਾ,ਜਾਂ ਫਿਰ ਇਸ ਦੀ ਮਹੱਤਤਾ ਨੂੰ ਘਟਾ ਦੇਵੇਗਾ। ਇਹ ਤੱਥ ਇਤਿਹਾਸਕ ਅਸਲੀਅਤ ਨਾਲ ਮਿਲਦਾ ਜੁਲਦਾ ਹੈ। ਉਹ ਮੰਨਦੇ ਹਨ ਕਿ ਸਿਰਜਣਹਾਰ ਨੇ ਸਾਰੇ ਜੀਵਾਂ ਨੂੰ ਬਰਾਬਰ ਦਾ ਦਰਜਾ ਦਿੱਤਾ ਹੈ। ਉਹ ਲੋਕ ਰੁੱਖ-ਬੂਟਿਆਂ, ਜਾਨਵਰਾਂ ਅਤੇ ਪਹਾੜੀਆਂ ਨੂੰ ਜਿਉਂਦੀਆਂ ਹੋਈਆਂ ਮੰਨਦੇ ਹਨ। ਇੱਕ ਹੋਰ ਦੰਦ-ਕਥਾ ਇਹ ਹੈ ਕਿ ਇੱਕ ਵਾਰ ਨਾਪੀ ਨੇ ਆਪਣਾ ਮੱਝ ਦੀ ਖੱਲ ਵਾਲਾ ਲਿਬਾਸ ਇੱਕ ਵੱਡੀ ਪਹਾੜੀ ਉੱਪਰ ਪਾ ਦਿੱਤਾ ਅਤੇ ਕੁਛ ਚਿਰ ਮਗਰੋਂ ਵਾਪਸ ਚੁੱਕ ਲਿਆ। ਗੁੱਸੇ ਵਿਚ ਆ ਕੇ ਪਹਾੜੀ ਨੇ ਨਾਪੀ ਦਾ ਪਿੱਛਾ ਕੀਤਾ ।ਕੋਈ ਵੀ ਜਾਨਵਰ ਪਹਾੜੀ ਨੂੰ ਰੋਕ ਨਹੀਂ ਸਕਿਆ। ਅਖੀਰ ਦੋ ਛੋਟੇ ਪੰਛੀ ਇਸ ਪਿੱਛਾ ਕਰਦੀ ਪਹਾੜੀ ਤੇ ਜਾ ਟਕਰਾਏ ਜਿਸ ਕਾਰਨ ਪਹਾੜੀ ਦੇ ਟੁਕੜੇ ਹੋ ਗਏ। ਅੱਜ ਕੱਲ੍ਹ ਦੇ ਸ਼ਹਿਰ ਓਕੋਟੋਕਸ ਦੇ ਨੇੜੇ ਸਥਿਤ ਇੱਕ ਪਹਾੜੀ (ਵੱਡਾ ਪੱਥਰ ) ਉਸੇ ਪਹਾੜੀ ਦਾ ਹੀ ਇੱਕ ਟੁਕੜਾ ਮੰਨਿਆਂ ਜਾਂਦਾ ਹੈ । ਇਹ ਵੀ ਕਹਿੰਦੇ ਹਨ ਕਿ ਨਾਪੀ ਆਦਮੀਆਂ ਨੂੰ ਲੈ ਕੇ ਉਸ ਥਾਂ ਗਿਆ ਜਿੱਥੇ ਔਰਤਾਂ ਰਹਿੰਦੀਆਂ ਸਨ, ਜਿਸ ਥਾਂ ਨੂੰ ਹੁਣ 'ਵੀਮੈਨਜ਼ ਬਫਲੋ ਜੰਪ' ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਇਨ੍ਹਾਂ ਸਾਰੇ ਆਦਮੀ ਔਰਤਾਂ ਨੇ ਆਪੋ-ਆਪਣੇ ਸਾਥੀ ਚੁਣ ਕੇ ਜੋੜੇ ਬਣਾ ਲਏ। ਜਦੋਂ ਔਰਤਾਂ ਦੀ ਆਗੂ ਨੇ ਨਾਪੀ ਨੂੰ ਆਪਣਾ ਸਾਥੀ ਮੰਨਣ ਤੋਂ ਨਾਹ ਕਰ ਦਿੱਤੀ ਤਾਂ ਨਾਪੀ ਨੇ ਕ੍ਰੋਧ ਵਿਚ ਆ ਕੇ ਇੱਕ ਦਰਖਤ ਦਾ ਰੂਪ ਧਾਰ ਲਿਆ।

ਕਾਈਨਾਈ ਕਬੀਲੇ ਵਾਲੇ ਦਸਦੇ ਹਨ ਕਿ ਜਦੋਂ ਉਹ ਪ੍ਰਾਰਥਨਾ ਕਰਦੇ ਹਨ ਤਾਂ ਉਹ ਸੂਰਜ , ਚੰਦ੍ਰਮਾ, ਤਾਰੇ, ਅਕਾਸ਼ ਗੰਗਾ, ਧਰਤੀ ਅਤੇ ਇਸ ਉਪਰਲੀ ਹਰੇਕ ਚੀਜ਼ ਦੀ ਉਪਾਸਨਾ ਕਰਦੇ ਹਨ। ਉਹ ਧਰਤੀ ਉਪਰਲੇ ਚਹੁੰ-ਟੰਗੇ ( ਚੌਪਾਏ ) ਪਸ਼ੂਆਂ, ਪੌਦਿਆਂ, ਪਹਾੜੀਆਂ ਅਤੇ ਧਰਤੀ ਨੂੰ ਇੱਕੋ ਜਿਹੇ ਤੇ ਆਪਣੇ ਬਰਾਬਰ ਸਮਝਦੇ ਹਨ ਅਤੇ ਸਭ ਨੂੰ ਥਲਚਰ, ( ਧਰਤੀ ਤੇ ਵਿਚਰਨ ਵਾਲੇ ,'ਕਸਾਹ-ਕੋਮੀ-ਤਾਪੀ-ਕਸੀ') ਆਖਦੇ ਹਨ। ਇਨ੍ਹਾਂ ਲੋਕਾਂ ਮੁਤਾਬਕ ਨਭ-ਚਰ ਜਾਣੀ ਉਨ੍ਹਾਂ ਦੀ ਬੋਲੀ ਵਿਚ 'ਸਪੋਮੀ-ਤਾਪੀ-ਕਸੀ' ਅਕਾਸ਼ ਵਿਚ ਰਹਿੰਦੇ ਹਨ। ਇਹ ਹਨ ਨਾਤੋਸੀ-ਸੂਰਜ, ਉਸ ਦੀ ਪਤਨੀ ਕੋਕੋਮੀ- ਕਿਸੋਮ ਚੰਦ੍ਰਮਾ, ਉਨ੍ਹਾਂ ਦਾ ਪੁੱਤਰ-ਇਪੋਸੋਵਾਹਸੀ-ਸੁਬਹ ਦਾ ਤਾਰਾ, ਦੂਜੇ ਤਾਰੇ, ਬਿਜਲੀ ਦੀ ਗੜਗੜਾਹਟ, ਅਸਮਾਨ ਸਮੇਤ ਕਿਤਨੇ ਹੀ ਪੰਛੀ ਵੀ ਨਭ-ਚਰ ਜਾਣੀ ਸਪੋਮੀ-ਤਾਪੀ-ਕਸੀ ਹਨ। ਇਸ ਤੋਂ ਬਿਨਾ ਜਲ-ਚਰ ਪਾਣੀ ਦੇ ਪੰਛੀ, ਬੀਵਰ, ਊਦ ਬਿੱਲਾ ਆਦਿ ਪਾਣੀ ਨੇੜੇ ਰਹਿੰਦੇ ਹਨ। ਕੁਛ ਖਾਸ ਕਿਸਮ ਦੇ ਸੱਪ ਸੋਯੀ-ਤਾਪੀ-ਕਸੀ ਵਿਚ ਸ਼ਾਮਲ ਹਨ। ਇਹ ਲੋਕ ਮੰਨਦੇ ਹਨ ਕਿ ਇਹ ਸਾਰੇ ਸਿਰਜੇ ਹੋਏ ਜੀਵ ਰੂਹਾਨੀ ਅਤੇ ਜਿਸਮਾਨੀ ਤੌਰ ਤੇ ਮਾਂ-ਭੂਮੀ ਨਾਲ ਜੁੜੇ ਹੋਏ ਹਨ।

**ਖ਼ੂਨ ਦਾ ਗੱਤਲ (ਕਾਟੋਯੀਸਾ )-** ਇੱਕ ਬਜ਼ੁਰਗ ਜੋੜਾ ਆਪਣੀਆਂ ਤਿੰਨ ਧੀਆਂ ਅਤੇ ਉਨ੍ਹਾਂ ਦੇ ਪਤੀ ਨਾਲ ਰਹਿੰਦਾ ਸੀ। ਛੋਟੀ ਧੀ ਤੋਂ ਬਿਨਾ ਬਾਕੀ ਸਾਰੇ ਉਸ ਜੋੜੇ ਨਾਲ ਭੈੜਾ ਸਲੂਕ ਕਰਦੇ ਸਨ। ਇੱਕ ਦਿਨ ਉਸ ਬਜ਼ੁਰਗ ਆਦਮੀ ਨੂੰ ਪਰੇਰੀ ਵਿਖੇ ਇੱਕ ਖ਼ੂਨ ਦਾ ਗੱਤਲ (ਜੰਮਿਆ ਹੋਇਆ ਖ਼ੂਨ) ਲੱਭਿਆ। ਉਸ ਦੀ ਬਜ਼ੁਰਗ ਪਤਨੀ ਨੇ ਉਸ ਗੱਤਲ ਨੂੰ ਪਾਣੀ ਵਿਚ ਉਬਾਲਿਆ। ਉਹ ਗੱਤਲ ਇੱਕ ਬੱਚਾ ਬਣ ਗਿਆ। ਉਸ ਦਾ ਨਾਂ ਕਾਟੋਯੀਸਾ ਰੱਖਿਆ ਗਿਆ। ਵੱਡਾ ਹੋ ਕੇ ਉਸ ਨੇ ਰਿੱਛ, ਖ਼ੂਨ ਚੂਸਣ ਵਾਲੇ, ਸਾਹ ਖਿੱਚਣ ਵਾਲੇ ਅਤੇ ਹੋਰ ਹਾਨੀਕਾਰਕ ਜੀਵਾਂ ਨੂੰ ਮਾਰ ਮੁਕਾਇਆ। ਹੁਣ ਬਜ਼ੁਰਗ ਜੋੜਾ ਤੇ ਹੋਰ ਲੋਕ ਬਿਨਾ ਡਰ ਤੋਂ ਰਹਿਣ ਲੱਗੇ। ਇਨ੍ਹਾਂ ਲੋਕਾਂ ਦੀ ਧਾਰਨਾ ਹੈ ਕਿ ਉਹੀ ਕੋਟੋਯੀਸਾ ਅੱਜਕੱਲ੍ਹ ਉਸ ਥਾਂ ਤੇ ਸੁੱਤਾ ਪਿਆ ਹੈ ਜਿਸ ਨੂੰ ਸਵੀਟ ਗਰਾਸ ਹਿੱਲਜ਼ ਵਜੋਂ ਜਾਣਿਆ ਜਾਂਦਾ ਹੈ ਪਰ ਉਨ੍ਹਾਂ ਦੀ ਬੋਲੀ ਵਿਚ ਕਟੋਈਸਿੱਕਸੀ ਜਾਣੀ ਸਵੀਟ ਪਾਈਨ ਹਿੱਲਜ਼ ਕਿਹਾ ਜਾਂਦਾ ਹੈ।

ਇਨ੍ਹਾਂ ਦੇ ਰੀਤੀ-ਰਿਵਾਜਾਂ ਅੰਦਰ ਕੁਛ ਮਾਨਤਾਵਾਂ ਅਜਿਹੀਆਂ ਵੀ ਹਨ , ਜਿਵੇਂ ਬਘਿਆੜਾਂ (ਮਕੋਈ) ਨੇ ਭੁੱਖ ਦੇ ਸਤਾਏ ਮਰਦ ਔਰਤ ਨੂੰ ਇਹ ਸਿਖਾਇਆ ਸੀ ਕਿ ਸ਼ਿਕਾਰ ਕਰਨ ਸਮੇਂ ਦੂਜਿਆਂ ਨਾਲ ਮਿਲ ਕੇ ਕਿਵੇਂ ਕਰਨਾ ਹੈ। ਮਕੋਈ ਨੇ ਇਨ੍ਹਾਂ ਲੋਕਾਂ ਦੇ ਪੁਰਖਿਆਂ ਨੂੰ ਇਹ ਵੀ ਸਮਝਾਇਆ ਕਿ ਖੁਰਾਂ ਅਤੇ ਸਿੰਗਾਂ ਵਾਲੇ ਪਸ਼ੂਆਂ ਨੂੰ ਮਾਰ ਕੇ ਖਾਣਾ ਤਾਂ ਠੀਕ ਹੈ ਪਰ ਪੰਜੇ ਤੇ ਨਹੁੰਦਰਾਂ ਵਾਲੇ ਜਾਨਵਰਾਂ ਨੂੰ ਛੱਡ ਦੇਣਾ ਚਾਹੀਦਾ ਹੈ। ਇਹ ਲੋਕ ਇਨ੍ਹਾਂ ਬਘਿਆੜਾਂ ਨੂੰ ਅਸਮਾਨ ਵਿਚ ਅਕਾਸ਼-ਗੰਗਾ, ਜਾਣੀ ਉਨ੍ਹਾਂ ਦੀ ਬੋਲੀ ਵਿਚ ਮਕੋਈ-ਯੋਹਸੋਕੋਯੀ ਦਾ ਨਾਂ ਦਿੰਦੇ ਹਨ। ਇੱਕ ਹੋਰ ਦੰਦ-ਕਥਾ ਮੁਤਾਬਕ ਕੁਛ ਰੂਹਾਂ, ਨਾ-ਟੋ-ਯੀ-ਟਾ-ਪੀਕਸੀ, ਮਨੁੱਖੀ ਰੂਪ ਧਾਰ ਕੇ ਆਈਆਂ ਜਿਨ੍ਹਾਂ ਨੇ ਇਨ੍ਹਾਂ ਦੇ ਪੁਰਖਿਆਂ ਨੂੰ ਉਨ੍ਹਾਂ ਸਮਾਰੋਹਾਂ ਤੇ ਕਹਾਣੀਆਂ ਬਾਰੇ ਦੱਸਿਆ ਜਿਨ੍ਹਾਂ ਰਾਹੀਂ ਉਹ ਮਦਦ ਲਈ ਉਨ੍ਹਾਂ ਰੂਹਾਂ ਤੱਕ ਪਹੁੰਚ ਕਰ ਸਕਦੇ ਸਨ। ਰੂਹਾਂ ਨੇ ਉਨ੍ਹਾਂ ਨੂੰ ਕੁਛ ਚੀਜ਼ਾਂ ਦਿੱਤੀਆਂ ਜਿਹੜੀਆਂ ਹੁਣ ਪਵਿੱਤਰ ਗਠੜੀਆਂ ਵਿਚ ਬੰਦ ਹਨ ।ਕੁਛ ਮੱਝਾਂ ਹਕਾਰਨੇ ਪੱਥਰ, ਈਨਿੱਸਕਿੱਮ ਅਜਿਹੀਆਂ ਪਵਿੱਤਰ ਗੱਠਾਂ ਵਿਚ ਸਾਂਭੇ ਹੋਏ ਹਨ ਜਿਹੜੇ ਮੱਝਾਂ ਨੂੰ ਸ਼ਿਕਾਰ ਕਰਨ ਵੇਲੇ ਮੱਝਾਂ ਦੇ ਟੋਏ, ਪਿਸ-ਸਕਾਨ ਤੱਕ ਲਿਆਉਣ ਵਿਚ ਮਦਦ ਕਰਦੇ ਹਨ। ਇਸੇ ਤਰ੍ਹਾਂ ਬੀਵਰ ਬੰਡਲ ਨਾਂ ਦੀਆਂ ਗੱਠਾਂ ਰੱਖੀਆਂ ਹੋਈਆਂ ਹਨ ਜਿਨ੍ਹਾਂ ਨੂੰ ਖੋਲ੍ਹ ਕੇ ਜਾਨਵਰਾਂ ਦੀ ਬਿਹਤਰੀ, ਖ਼ੁਸ਼ੀ ਅਤੇ ਕਾਮਯਾਬੀ ਦੀ ਕਾਮਨਾ ਕੀਤੀ ਜਾਂਦੀ ਹੈ। ਕਹਿੰਦੇ ਹਨ ਕਿ ਬੀਵਰ ਨੇ ਆਦਮੀ ਨੂੰ ਕਾਮਯਾਬ ਯੋਧਾ ਬਣਨ ਦੀ ਸ਼ਕਤੀ ਪ੍ਰਦਾਨ ਕੀਤੀ ਸੀ।

**ਥੰਡਰ-ਅਸਮਾਨੀ ਬਿਜਲੀ -**

- ਇੱਕ ਬਾਤ ਇਸ ਤਰ੍ਹਾਂ ਵੀ ਹੈ ਕਿ ਇੱਕ ਵਾਰੀ ਅਸਮਾਨੀ ਬਿਜਲੀ, ਕਸੀਸਟਸੀ-ਕੌਮ ਨੇ ਕਿਸੇ ਆਦਮੀ ਦੀ ਪਤਨੀ ਚੁਰਾ ਲਈ। ਓਮਾਹਕਾਈ-ਸਟੋਅ, ਕਾਲਾ ਕਾਂ ਉੱਡ ਕੇ ਅਸਮਾਨੀ ਬਿਜਲੀ ਕੋਲ ਗਿਆ ਅਤੇ ਉਸ ਨੂੰ ਆਦਮੀ ਦੀ ਪਤਨੀ ਵਾਪਸ ਕਰਨ ਲਈ ਕਿਹਾ। ਜਦੋਂ ਨਾ ਮੰਨਿਆਂ ਤਾਂ ਉਹ ਥੰਡਰ ਨਾਲ ਲੜਿਆ। ਉਸ ਨੇ ਆਪਣੇ ਖੰਭਾਂ ਨੂੰ ਏਨੇ ਜ਼ੋਰ ਨਾਲ ਫੜਫੜਾਇਆ ਜਿਸ ਕਰ ਕੇ ਉੱਤਰੀ ਸੀਤ ਹਵਾਵਾਂ ਤੇ ਬਰਫ ਖਿੱਚੀਆਂ ਆਈਆਂ। ਇਨ੍ਹਾਂ ਦੇ ਅਸਰ ਹੇਠ ਬਿਜਲੀ ਦੀ ਖ਼ਤਰਨਾਕ ਕੜਕ ਤੇ ਲਿਸ਼ਕੋਰ ਮੱਧਮ ਪੈ ਗਈ। ਕੋਈ ਵਾਹ ਨਾ ਜਾਂਦੀ ਵੇਖ ਥੰਡਰ ਨੇ ਹਾਰ ਮੰਨ ਲਈ ਅਤੇ ਚੁਰਾਈ ਹੋਈ ਔਰਤ ਵਾਪਸ ਕਰ ਦਿੱਤੀ। ਸਟੋਅ ਨੇ ਥੰਡਰ ਨੂੰ ਕਿਹਾ ਕਿ ਉਹ ਉਸ ਆਦਮੀ ਨਾਲ ਸਮਝੌਤਾ ਕਰ ਲਵੇ ਅਤੇ ਆਪਣੀ ਪਾਈਪ ਉਨ੍ਹਾਂ ਲੋਕਾਂ ਨੂੰ ਸੰਧੀ ਦੇ ਚਿੰਨ੍ਹ ਵਜੋਂ ਸੌਂਪ ਦੇਵੇ। ਇਵੇਂ ਹੀ ਹੋਇਆ। ਉਦੋਂ ਤੋਂ ਲੈ ਕੇ ਇਹ ਲੋਕ ਥੰਡਰ ਮੈਡੀਸਿਨ ਪਾਈਪ ਵਾਲੇ ਬੰਡਲ ਨੂੰ ਹਰੇਕ ਬਹਾਰ ਦੇ ਮੌਸਮ ਵਿਚ ਉਦੋਂ ਖੋਲ੍ਹਦੇ ਹਨ ਜਦੋਂ ਉਸ ਮੌਸਮ ਦੀ ਪਹਿਲੀ ਅਸਮਾਨੀ ਬਿਜਲੀ ਲਿਸ਼ਕਦੀ ਹੈ। ਉਦੋਂ ਉਹ ਚੰਗੇ ਮੌਸਮ , ਚੰਗੀਆਂ ਫਸਲਾਂ ਸਮੇਤ ਸਾਲ ਭਰ ਲਈ ਚੰਗੀ ਕਿਸਮਤ ਦੀ ਮੰਗ ਕਰਦੇ ਹਨ। ਸਟੋਅ ਨੇ ਕੌਮ ਤੋਂ ਇਹ ਵੀ ਮੰਨਵਾ ਲਿਆ ਸੀ ਕਿ ਸਾਲ ਨੂੰ ਦੋ ਮੌਸਮਾ ਵਿਚ ਵੰਡਿਆ ਜਾਵੇ - ਪਹਿਲਾ ਸਰਦੀ ਦਾ ਮੌਸਮ ਜਿਹੜਾ ਓਮਾਹਕਾਈ-ਸਟੋਅ ਦਾ ਮੌਸਮ ਅਖਵਾਇਆ ਅਤੇ ਦੂਜਾ ਮੌਸਮ ਗਰਮੀ ਦਾ ਜਿਹੜਾ ਕਸੀਸਟਸੀ-ਕੌਮ ਦੇ ਨਾਂ ਨਾਲ ਜਾਣਿਆਂ ਜਾਣ ਲੱਗਾ।

**ਬਾਤ ਭੂਤ ਦਰਿਆ ਦੀ-**

ਅਲਬਰਟਾ ਵਿਚ ਇੱਕ ਦਰਿਆ ਦਾ ਨਾਂ ਹੈ ਘੋਸਟ ਰਿਵਰ। ਇਸ ਨਾਮਕਰਨ ਪਿੱਛੇ ਵੀ ਦਿਲਚਸਪ ਕਹਾਣੀ ਹੈ। ਸਫੈਦ ( ਗੋਰੇ ) ਲੋਕਾਂ ਦੇ ਇਸ ਮਹਾਂਦੀਪ ਤੇ ਆਉਣ ਤੋਂ ਪਹਿਲਾਂ ਇੱਥੋਂ ਦੇ ਆਦਿ-ਕਬੀਲੇ ਆਪਸ ਵਿਚ ਲੜਦੇ ਝਗੜਦੇ ਰਹਿੰਦੇ ਸਨ। ਸਿਨੀਬੋਇਨ ਤੇ ਕਰੀ ਕਬੀਲੇ ਜ਼ਮੀਨੀ ਕਬਜ਼ੇ ਨੂੰ ਲੈ ਕੇ ਆਪਸ ਵਿਚ ਭਿੜ ਜਾਂਦੇ ਸਨ। ਉਸ ਦੌਰਾਨ ਕਰੀ ਕਬੀਲੇ ਦੀ ਇੱਕ ਸੁੰਦਰ ਮੁਟਿਆਰ, ਜਿਸ ਦਾ ਨਾਂ ਲਿਟਲ ਵ੍ਹਾਈਟ ਡਵ ( ਕਰੀ ਤੋਂ ਅੰਗ੍ਰੇਜ਼ੀ ) ਸੀ, ਸਿਨੀਬੋਇਨ ਕਬੀਲੇ ਦੇ ਰਨਿੰਗ ਬੀਅਰ ( ਸਿਨੀਬੋਇਨ ਤੋਂ ਅੰਗ੍ਰੇਜ਼ੀ ) ਨਾਂ ਦੇ ਨੌਜਵਾਨ ਦੇ ਪਿਆਰ ਵਿਚ ਵਗਲੀ ਗਈ। ਉਹ ਨੌਜਵਾਨ ਭਾਵੇਂ ਆਪਣੇ ਕਬੀਲੇ ਦਾ ਵੱਡਾ ਹੀਰੋ ਸੀ, ਪਰ ਉਨ੍ਹਾਂ ਦਾ ਵਿਆਹ ਨਹੀਂ ਸੀ ਹੋ ਸਕਦਾ ਕਿਉਂਕਿ ਦੋਵਾਂ ਕਬੀਲਿਆਂ ਦੇ ਵੱਖੋ-ਵੱਖਰੇ ਪਿਛੋਕੜ ਅਤੇ ਰੀਤੀ ਰਿਵਾਜ ਸਨ। ਇਸ ਤੋਂ ਵੀ ਵੱਡੀ ਅੜਚਣ ਦੋਵਾਂ ਕਬੀਲਿਆਂ ਦਰਮਿਆਨ ਚਲੀ ਆਉਂਦੀ ਦੁਸ਼ਮਣੀ ਸੀ। ਸਿਨੀਬੋਇਨ ਕਬੀਲਾ ਦਰਿਆ ਦੇ ਦੱਖਣ ਵਾਲੇ ਪਾਸੇ ਰਹਿੰਦਾ ਸੀ ਜਦੋਂ ਕਿ ਕਰੀ ਕਬਲਾ ਉੱਤਰ ਵਾਲੇ ਪਾਸੇ ਦਾ ਵਸਨੀਕ ਸੀ। ਇੱਕ ਰਾਤ ਵੇਲੇ ਡਵ ਘਰੋਂ ਚਲੀ ਗਈ। ਕਬੀਲੇ ਵਿਚ ਅੱਗ ਵਾਂਗ ਗੱਲ ਫੈਲ ਗਈ। ਲੋਕ ਉਸ ਨੂੰ ਕਈ ਪਾਸੀਂ ਭਾਲਣ ਗਏ। ਸ਼ੱਕ ਦੇ ਅਧਾਰ ਤੇ ਕੁੱਝ ਕਰੀ ਲੜਾਕੂ ਦਰਿਆ ਵੱਲ ਟੋਹ ਲਾਉਣ ਲਈ ਭੇਜੇ ਗਏ। ਉਹ ਤੈਰ ਕੇ ਦੱਖਣ ਵੱਲ ਜਾਣ ਲੱਗੇ। ਓਧਰੋਂ ਰਨਿੰਗ ਬੀਅਰ ਵੀ ਦਰਿਆ ਵਿਚ ਤੈਰ ਕੇ ਉੱਤਰ ਵੱਲ ਜਾ ਰਿਹਾ ਸੀ। ਪਾਣੀ ਦਾ ਵਹਾਅ ਬਹੁਤ ਤੇਜ਼ ਸੀ। ਦਰਿਆ ਦੇ ਦੋਵਾਂ ਪਾਸਿਆਂ ਤੋਂ ਕਿਨਾਰਿਆਂ ਤੇ ਖੜ੍ਹੇ ਲੋਕ ਬੇ-ਵਸ ਹੋ ਕੇ ਦੇਖ ਰਹੇ ਸਨ ਪਰ ਕਰ ਕੁਛ ਨਹੀਂ ਸਕਦੇ ਸਨ। ਏਧਰੋਂ ਡਵ ਵੀ ਤੈਰਦੀ ਹੋਈ ਆਪਣੇ ਪ੍ਰੇਮੀ ਵੱਲ ਜਾ ਰਹੀ ਸੀ। ਅੱਧ-ਵਿਚਾਲੇ ਪਹੁਚ ਕੇ ਜਦੋਂ ਨਿਹਾਤ ਹੋ ਕੇ ਥੱਕ ਗਈ ਤਾਂ ਉਸ ਨੇ ਰਨਿੰਗ ਬੀਅਰ ਨੂੰ ਪੁਕਾਰਿਆ । ਕਹਿੰਦੀ ਮੈਂ ਥੱਕ ਗਈ ਹਾਂ, ਹੋਰ ਨਹੀਂ ਤੈਰ ਸਕਦੀ। ਓਧਰੋਂ ਨੌਜਵਾਨ ਦਾ ਵੀ ਇਹੋ ਹਾਲ ਸੀ। ਦੋਵੇਂ ਸੱਚੇ ਪ੍ਰੇਮੀ ਇੱਕ ਦੂਜੇ ਨੂੰ ਪੁਕਾਰਦੇ ਹੋਏ ਨਿਹਾਇਤ ਨੂੰ ਪਾਣੀ ਦੇ ਤੇਜ਼ ਵਹਾਅ ਅੰਦਰ ਡੁੱਬ ਗਏ। ਇਸ ਘਟਨਾ ਤੋਂ ਕਿੰਨਾ ਚਿਰ ਬਾਦ ਤੱਕ ਲੋਕਾਂ ਨੂੰ ਹਰੇਕ ਸ਼ਾਮ ਨੂੰ ਸੂਰਜ ਡੁੱਬਣ ਵੇਲੇ ਉਨ੍ਹਾਂ ਦੋਵਾਂ ਪ੍ਰੇਮੀਆਂ ਦੀਆਂ ਇੱਕ ਦੂਜੇ ਨੂੰ ਕੀਤੀਆਂ ਪੁਕਾਰਾਂ ਸੁਣਾਈ ਦਿੰਦੀਆਂ ਰਹੀਆਂ। ਇਉਂ ਇਸ ਦਰਿਆ ਦਾ ਨਾਂ ਘੋਸਟ ਰਿਵਰ ( ਭੂਤ ਦਰਿਆ ) ਪੈ ਗਿਆ। ਜੇ ਝਨਾਂ ਦਰਿਆ ਵਾਲੀ ਸੋਹਣੀ-ਮਹੀਂਵਾਲ ਦੀ ਕਹਾਣੀ ਸੱਚੀ ਹੈ ਤਾਂ ਇਹ ਵੀ ਸੱਚੀ ਹੋਣੀ ਹੈ।

**ਇਖ਼ਲਾਕੀ ਦੰਦ-ਕਥਾ -**

- ਇਹ ਬਾਤ ਇੱਕ ਅੰਨ੍ਹੇ ਆਦਮੀ ਅਤੇ ਇੱਕ ਕਿਸਮ ਦੇ ਪੰਛੀ ਲੂਨ ਦੇ ਹਾਰ ਬਾਰੇ ਹੈ। ਇਹ ਕਹਾਣੀ ਸਿਨੀਬੋਇਨ ਲੋਕਾਂ ਅੰਦਰ ਪ੍ਰਚਲਤ ਹੈ। ਇਹ ਉਸ ਦੰਪਤੀ ਬਾਰੇ ਹੈ ਜੋ ਟੱਪਰੀਵਾਸ ਸਮੇਂ ਘੁੰਮਦਿਆਂ ਪਤੀ-ਪਤਨੀ ਇੱਕ ਦੂਜੇ ਨਾਲੋਂ ਨਿੱਖੜ ਗਏ ਸਨ। ਆਦਮੀ ਅੰਨ੍ਹਾਂ ਹੋਣ ਕਰ ਕੇ ਆਪ ਸ਼ਿਕਾਰ ਨਹੀਂ ਕਰ ਸਕਦਾ ਸੀ। ਉਸ ਦੀ ਪਤਨੀ ਭਾਵੇਂ ਉਸ ਨੂੰ ਪਿਆਰ ਨਹੀਂ ਕਰਦੀ ਫਿਰ ਵੀ ਉਸ ਖਾਤਰ ਜੰਗਲੀ ਮੱਝ ਲੱਭਦੀ ਹੈ, ਆਪਣੇ ਪਤੀ ਦੀ ਕਮਾਣ ਤੇ ਤੀਰ ਚੜ੍ਹਾ ਕੇ ਨਿਸ਼ਾਨਾ ਬੰਨ੍ਹਣ ਵਿਚ ਮਦਦ ਕਰਦੀ ਹੈ। ਉਹ ਮੱਝ ਤੇ ਨਿਸ਼ਾਨਾ ਫੁੰਡਦਾ ਹੈ ਤੇ ਮੱਝ ਨੂੰ ਮਾਰ ਦਿੰਦਾ ਹੈ। ਪਰ ਪਤਨੀ ਕਹਿੰਦੀ ਹੈ ਕਿ ਉਹ ਨਿਸ਼ਾਨਾ ਖੁੰਝ ਗਿਆ ਹੈ। ਫਿਰ ਉਹ ਆਪਣਾ ਬੱਚਾ ਲੈ ਕੇ ਚਲੀ ਜਾਂਦੀ ਹੈ, ਪਤੀ ਨੂੰ ਇਕੱਲਾ ਛੱਡ ਜਾਂਦੀ ਹੈ। ਲੁਕ ਛਿਪ ਕੇ ਮੱਝ ਦੀ ਚੀਰਫਾੜ ਕਰ ਕੇ ਉਸ ਦਾ ਮੀਟ ਸੁਕਾ ਲੈਂਦੀ ਹੈ ਤੇ ਆਪਣੇ ਲਈ ਰੱਖ ਲੈਂਦੀ ਹੈ। ਇਸ ਦੌਰਾਨ ਇੱਕ ਲੂਨ ਉਸ ਆਦਮੀ ਕੋਲ ਆਉਂਦਾ ਹੈ। ਉਸ ਨੂੰ ਸਲਾਹ ਦਿੰਦਾ ਹੈ ਕਿ ਉਹ ਨੇੜੇ ਦੀ ਝੀਲ ਵਿਚ ਚਾਰ ਵਾਰੀ ਡੂੰਘੀਆਂ ਚੁੱਭੀਆਂ ਲਾਵੇ, ਉਸ ਦੀ ਨਿਗਾਹ ਵਾਪਸ ਆ ਜਾਵੇਗੀ। ਇਸ ਦੇ ਬਦਲੇ ਵਿਚ ਲੂਨ ਮੰਗ ਕਰਦਾ ਹੈ ਕਿ ਉਹ ਆਦਮੀ ਸੁਜਾਖਾ ਹੋਣ ਉਪ੍ਰੰਤ ਆਪਣੀ ਪਤਨੀ ਨੂੰ ਲੱਭ ਲਵੇ, ਉਸ ਦੀਆਂ ਛਾਤੀਆਂ ਕੱਟ ਕੇ ਉਸ ( ਲੂਨ ) ਨੂੰ ਦੇ ਦੇਵੇ। ਆਦਮੀ ਇਵੇਂ ਹੀ ਕਰਦਾ ਹੈ।ਉਹ ਲੂਨ ਨੂੰ ਪੰਜਿਆਂ ਦਾ ਹਾਰ ਭੇਟ ਕਰਦਾ ਹੈ। ਲੂਨ ਨੇ ਇਹ ਹਾਰ ਅੱਜ ਤੱਕ ਪਹਿਨਿਆ ਹੋਇਆ ਹੈ।

ਇਸ ਕਹਾਣੀ ਤੋਂ ਇਹ ਸਿੱਖਿਆ ਮਿਲਦੀ ਹੈ ਕਿ ਆਪਣੇ ਹੀ ਸਾਥੀ ਭਾਵ ਪਤੀ ਜਾਂ ਪਤਨੀ ਨਾਲ ਝੂਠ ਬੋਲਣਾ, ਉਸ ਨੂੰ ਧੋਖਾ ਦੇਣਾ ਤੇ ਉਸ ਉੱਤੇ ਜ਼ੁਲਮ ਕਰਨਾ ਹੱਦ ਦਰਜੇ ਦਾ ਮਾੜਾ ਵਤੀਰਾ ਹੈ। ਇਹ ਬਾਤ ਸੁਣਨ ਵਾਲਿਆਂ ਨੂੰ ਇਸ ਗੱਲ ਦੀ ਵੀ ਜਾਣਕਾਰੀ ਮਿਲਦੀ ਹੈ ਕਿ ਲੂਨ ਦਾ ਹਾਰ ਕਿਵੇਂ ਹੋਂਦ ਵਿਚ ਆਇਆ। ਇਸ ਕਥਾ ਬਾਰੇ ਡੋਗਰੀਬ ਨਾਂ ਦੇ ਕਬੀਲੇ ਦਾ ਪੱਖ ਇਹ ਹੈ ਕਿ ਲੂਨ ਉਸ ਆਦਮੀ ਨੂੰ ਪਤਨੀ ਮਾਰਨ ਲਈ ਕਹਿੰਦਾ ਹੈ। ਪੱਛਮੀ ਤਟ ਦੇ ਲੋਕਾਂ ਮੁਤਾਬਕ ਕਹਾਣੀ ਬੁੱਢੇ ਆਦਮੀ ਅਤੇ ਕਮੀਨੀ ਬੁੜ੍ਹੀ ਬਾਰੇ ਹੈ। ਸਾਰਸੀ ਦੇ ਸੂਤੀਨਾ ਕਬੀਲੇ ਮੁਤਾਬਕ ਕਹਾਣੀ ਉਸ ਬੁੱਢੇ ਹਕੀਮ ਬਾਰੇ ਹੈ ਜਿਸ ਦੀ ਪਤਨੀ ਨੂੰ ਉਸ ਦੀਆਂ ਦਵਾਈਆਂ ਦੀ ਅਸਰਦਾਇਕਤਾ ਉੱਪਰ ਵਿਸ਼ਵਾਸ ਨਹੀਂ। ਨਾਂ ਹੀ ਉਸ ਦੀ ਸਿਆਣਪ ਤੇ ਯਕੀਨ ਕਰਦੀ ਹੈ। ਕਾਲ ਪੈਂਦਾ ਹੈ, ਕਬੀਲੇ ਦੇ ਲੋਕ ਭੁੱਖਮਰੀ ਦਾਸ਼ਿਕਾਰ ਹੋਣ ਲਗਦੇ ਹਨ, ਖ਼ਤਰਨਾਕ ਤੇ ਭੁੱਖੇ ਭੇੜੀਏ ਖ਼ੁਰਾਕ ਭਾਲਣ ਲਈ ਏਧਰ-ਓਧਰ ਗੇੜੇ ਕਢਦੇ ਹਨ। ਬੁੱਢਾ ਆਦਮੀ ਬੇ-ਵਸ ਹੈ, ਕੋਈ ਕਾਰਗਰ ਸਲਾਹ ਦੇਣ ਜਾਂ ਉਪਾਅ ਕਰਨ ਤੋਂ ਅਸਮਰੱਥ ਹੈ ਕਿ ਇਸ ਬਿਪਤਾ ਵਿੱਚੋਂ ਕਿਵੇਂ ਨਿਕਲਿਆ ਜਾਵੇ। ਅਖ਼ੀਰ ਸੋਚ-ਵਿਚਾਰ ਕੇ ਉਹ ਆਪਣੇ ਰੂਹਾਨੀ ਸਰਪ੍ਰਸਤ ਲੂਨ ਤੋਂ ਸਲਾਹ ਲੈਂਦਾ ਹੈ। ਇਸ ਮਸ਼ਵਰੇ ਅਨੁਸਾਰ ਆਦਮੀ ਪਤਨੀ ਨੂੰ ਕਹਿੰਦਾ ਹੈ ਕਿ ਉਹ ਉਸ ਦੀ ਭੇੜੀਏ ਤੇ ਨਿਸ਼ਾਨਾ ਲਾਉਣ ਵਿਚ ਮਦਦ ਕਰੇ। ਉਹ ਮਦਦ ਕਰਦੀ ਹੈ, ਸਭ ਤੋਂ ਵੱਡੇ ਭੇੜੀਏ ਤੇ ਨਿਸ਼ਾਨਾ ਲਗਦਾ ਹੈ, ਬਾਕੀ ਦੇ ਸਾਰੇ ਭੇੜੀਏ ਡਰ ਕੇ ਭੱਜ ਜਾਂਦੇ ਹਨ। ਸਾਰੇ ਕੈਂਪ ਵਾਸੀਆਂ ਨੂੰ ਭੋਜਨ ਮਿਲ ਜਾਂਦਾ ਹੈ। ਉਸ ਆਦਮੀ ਅੰਦਰ ਹਿਕਮਤ ਦੀ ਸ਼ਕਤੀ ਵਾਪਸ ਆ ਜਾਂਦੀ ਹੈ। ਉਹ ਲੂਨ ਦਾ ਧੰਨਵਾਦ ਕਰਦਾ ਹੈ, ਖ਼ੁਸ਼ ਹੋ ਕੇ ਲੂਨ ਨੂੰ ਪੰਜਿਆਂ ਦਾ ਹਾਰ ਭੇਟ ਕਰਦਾ ਹੈ।

ਇਹ ਬਾਤਾਂ ਸਰਦੀਆਂ ਦੇ ਸਿਖਰ ਵੇਲੇ ਮਨਾਏ ਜਾਂਦੇ ਚਾਰ ਦਿਨਾਂ ਅੰਦਰ ਕੋਈ ਵੱਡ-ਵਡੇਰਾ ਹੀ ਸੁਣਾਉਂਦਾ ਹੈ,''ਜਦੋਂ ਸੂਰਜ ਸਥਿਰ ਖੜ੍ਹਾ ਹੁੰਦਾ ਹੈ''। ਉਦੋਂ ਉਹ ਕਹਾਣੀਆਂ ਸੁਨਾਉਣ ਬਦਲੇ ਕੁਛ ਨਹੀਂ ਲੈਂਦਾ। ਪਰ ਜਦੋਂ ਇਹ ਕਹਾਣੀਆਂ ਸਰਦੀਆਂ ਦੇ ਬਾਕੀ ਦਿਨਾਂ ਵਿਚ ਸੁਣਾਈਆਂ ਜਾਂਦੀਆਂ ਹਨ ਤਾਂ ਸੁਨਣ ਦੇ ਬਦਲੇ ਕੁਛ ਦੇਣਾ ਪੈਂਦਾ ਹੈ। ਬਜ਼ੁਰਗਾਂ ਨੂੰ ਚਾਰ ਦਿਨ ਪਹਿਲਾਂ ਅਧਿਆਤਮਕ ਕਹਾਣੀਆਂ ਸੁਨਾਉਣ ਵਾਸਤੇ ਬੇਨਤੀ ਕਰਨੀ ਪੈਂਦੀ ਹੈ , ਜਿਸ ਵਾਸਤੇ ਉਹ ਬਜ਼ੁਰਗ ਕਹਾਣੀਵੇਤਾ ਵਰਤ ਰਖਦਾ ਹੈ ਅਤੇ ਤੰਬਾਕੂ ਭੇਟ ਚੜ੍ਹਾਉਂਦਾ ਹੈ। ਕਿਸੇ ਵੀ ਸੂਰਤ ਵਿਚ ਇਹ ਬਾਤਾਂ ਗਰਮੀ ਦੇ ਮੌਸਮ ਵਿਚ ਨਹੀਂ ਸੁਣਾਈਆਂ ਜਾ ਸਕਦੀਆਂ।

ਅਜਿਹੀਆਂ ਦੰਦ-ਕਥਾਵਾਂ ਹੋਰ ਬਥੇਰੀਆਂ ਹਨ।

ਕੈਲਗਰੀ ਵਿੱਚ ਸਰ੍ਹੋਂ ਦੇ ਖੇਤਾਂ ਵਿੱਚ
ਕੰਮ ਕਰਨ ਵਾਲੇ ਵਰਕਰਾਂ ਦੀ ਲੋੜ ਹੈ



ਸੱਤੇ ਦਿਨ 13 ਘੰਟੇ ਕੰਮ ਹੋਵੇਗਾ।
ਤਨਖਾਹ ਘੰਟਿਆਂ ਦੇ ਹਿਸਾਬ ਨਾਲ ਕੰਮ
ਦਾ ਸੀਜ਼ਨ ਖਤਮ ਹੋਣ ਉਪਰੰਤ
ਸਟੈਂਪਾਂ ਵੀ ਮਿਲਣਗੀਆਂ।
ਰਹਿਣ ਅਤੇ ਖਾਣ ਦਾ ਪੂਰਾ ਪ੍ਰਬੰਧ ਹੈ।
ਕੈਮਲੂਪਸ ਏਰੀਆ ਵਿੱਚ ਜਿਨਸਿੰਗ
ਦਾ ਕੰਮ ਦਸੰਬਰ ਮਹੀਨੇ ਤੱਕ ਚੱਲੇਗਾ।
ਕਾਲ ਕਰੋ:
1 250 319 7263

NEW WAVE OPTICAL
#7-200-52nd Street NE Calgary, AB T2A-4K8
PH: 403-290-0307 FAX: 403-290-0306
Email: newwaveoptical@yahoo.com
All Type of Frames!
Unbeatable Price!
"Online" prices in store!
Complete Eyewear, Contact lenses and Sunglasses!



For more info call:
Sandeep Pandher
MANAGER
at 403-999-2500

## ਕੈਨੇਡੀਅਨ ਸੰਸਦੀ ਚੋਣਾਂ

# ਆਖਰ ਕੈਨੇਡਾ ਦੀ ਰਾਜਨੀਤੀ ਦਾ ਊਠ ਕਿਸ ਕਰਵਟ ਬੈਠੇਗਾ !



-ਗੁਰਪ੍ਰੀਤ ਸਿੰਘ ਤਲਵੰਡੀ
ਵੈਨਕੂਵਰ (ਕੈਨੇਡਾ)
778-980-9196







ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਸ ਟਰੂਡੋ ਵਲੋਂ ਕੁੱਝ ਕੁ ਸਮਾਂ ਪਹਿਲਾਂ ਹੀ ਕੈਨੇਡਾ ਦੀਆਂ ਮੱਧਕਾਲੀ ਚੋਣਾਂ ਦਾ ਐਲਾਨ ਕੀਤਾ ਗਿਆ ਸੀ। ਹੁਣ ਇਹ ਚੋਣਾਂ 20 ਸਤੰਬਰ 2021 ਨੂੰ ਹੋ ਰਹੀਆਂ ਹਨ। ਇਸ ਤੋਂ ਪਹਿਲਾਂ ਕੈਨੇਡਾ ਅੰਦਰ ਜਸਟਿਨ ਟਰੂਡੋ ਦੀ ਅਗਵਾਈ ਹੇਠ ਲਿਬਰਲ ਪਾਰਟੀ ਦੀ ਘੱਟ ਗਿਣਤੀ ਸਰਕਾਰ ਕੰਮ ਕਰ ਰਹੀ ਸੀ। ਇਸ ਦੌਰਾਨ ਸਰਕਾਰ ਨੂੰ ਕਈ ਅਹਿਮ ਬਿੱਲ ਪਾਸ ਕਰਨ ਲਈ ਕਈ ਤਰ੍ਹਾਂ ਦੀਆਂ ਕਠਿਨਾਈਆਂ ਦਾ ਸਾਹਮਣਾਂ ਵੀ ਕਰਨਾਂ ਪਿਆ, ਲੇਕਿਨ ਐਨ ਡੀ ਪੀ ਵਲੋਂ ਜਗਮੀਤ ਸਿੰਘ ਦੀ ਅਗਵਾਈ ਹੇਠ ਵਧੇਰੇ ਬਿੱਲ ਪਾਸ ਕਰਨ ਲਈ ਹਮਾਇਤ ਵੀ ਦਿੱਤੀ ਜਾਂਦੀ ਰਹੀ ਹੈ। ਪਿਛਲੇ ਲੰਮੇ ਸਮੇਂ ਤੋਂ ਚੱਲੀ ਕੋਰੋਨਾਂ ਦੀ ਬਿਮਾਰੀ ਭਾਵੇਂ ਅਜੇ ਪੂਰੀ ਤਰ੍ਹਾਂ ਖਤਮ ਨਹੀਂ ਹੋਈ, ਲੇਕਿਨ ਇਸ ਦੌਰਾਨ ਹੀ ਚੋਣਾਂ ਦਾ ਐਲਾਨ ਕਰਨ ਕਰਕੇ ਜਿਆਦਾਤਰ ਲੋਕ ਸਰਕਾਰ ਨੂੰ ਸਵਾਲ ਖੜ੍ਹੇ ਕਰ ਰਹੇ ਹਨ। ਇਨੀਂ ਦਿਨੀ ਸਮੁੱਚੇ ਕੈਨੇਡਾ ਅੰਦਰ ਹੀ ਚੋਣਾਂ ਸੰਬੰਧੀ ਵੱਖ-ਵੱਖ ਪਾਰਟੀਆਂ ਦੇ ਉਮੀਦਵਾਰਾਂ ਵਲੋਂ ਸਰਗਰਮੀਆਂ ਤੇਜ਼ ਕੀਤੀਆਂ ਜਾ ਚੁੱਕੀਆਂ ਹਨ। ਚੋਣਾਂ ਦੌਰਾਨ ਕੈਨੇਡਾ ਦੀਆਂ ਤਿੰਨ ਪ੍ਰਮੁੱਖ ਪਾਰਟੀਆਂ ਲਿਬਰਲ, ਕੰਜ਼ਰਵੇਟਿਵ ਅਤੇ ਐਨ ਡੀ ਪੀ ਦਰਮਿਆਨ ਹੀ ਮੁਕਾਬਲਾ ਹੋਣ ਦੀ ਸੰਭਾਵਨਾਂ ਹੈ। ਇਸ ਸੰਬੰਧੀ ਵੱਖ-ਵੱਖ ਏਜੰਸੀਆਂ ਵਲੋਂ ਕਰਵਾਏ ਜਾ ਰਹੇ ਸਰਵੇਖਣ ਇਹ ਦਰਸਾਉਂਦੇ ਹਨ ਕਿ ਮੁੱਖ ਮੁਕਾਬਲਾ ਪਹਿਲੀਆਂ ਚੋਣਾਂ ਵਾਂਗ ਲਿਬਰਲ ਤੇ ਕੰਜ਼ਰਵੇਟਿਵ ਦਰਮਿਆਨ ਹੋਣ ਦੀ ਸੰਭਾਵਨਾਂ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਭਾਵੇਂ ਸਾਰੀਆਂ ਹੀ ਰਾਜਨੀਤਿਕ ਧਿਰਾਂ ਕੈਨੈਡੀਅਨ ਵੋਟਰਾਂ ਨੂੰ ਲੁਭਾਉਣ ਲਈ ਵੱਖ-ਵੱਖ ਤਰ੍ਹਾਂ ਦੇ ਏਜੰਡੇ ਪੇਸ਼ ਕਰ ਰਹੇ ਹਨ, ਪਰ ਕੈਨੇਡਾ ਦੀ ਨਵੀਂ ਬਣਨ ਵਾਲੀ ਸਰਕਾਰ ਨੂੰ ਕਈ ਤਰ੍ਹਾਂ ਦੀਆਂ ਦਰਪੇਸ਼ ਚੁਣੌਤੀਆਂ ਦਾ ਸਾਹਨਣਾਂ ਕਰਨ ਲਈ ਤਿਆਰ ਰਹਿਣਾਂ ਪਵੇਗਾ। ਕਿਉਂਕਿ ਕੈਨੇਡਾ ਦੇ ਵਧੇਰੇ ਹਿੱਸਿਆਂ ਨੂੰ ਛੱਡ ਕੇ ਕੁੱਝ ਕੁ ਰਾਜਾਂ ਵਿੱਚ ਨਸ਼ੀਲੇ ਪਦਾਰਥਾਂ ਦੀ ਤਸਕਰੀ ਜਾਂ ਗੈਂਗ ਹਿੰਸਾ ਦਾ ਪ੍ਰਚਲਣ ਬਦਸਤੂਰ ਜਾਰੀ ਹੈ। ਪਿਛਲੇ ਕੁੱਝ ਕੁ ਸਮੇਂ ਤੋਂ ਭਾਵੇਂ ਕੈਨੇਡਾ ਪੁਲਿਸ ਵਲੋਂ ਵੱਡੀ ਪੱਧਰ ਤੇ ਨਸ਼ੀਲੇ ਪਦਾਰਥ ਫੜ੍ਹ ਕੇ ਨਸ਼ੇ ਦੇ ਸੌਦਾਗਰਾਂ ਦਾ ਲੱਕ ਤੋੜਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਸਦੇ ਚਲਦਿਆਂ ਗੈਂਗ ਹਿੰਸਾ ਨੂੰ ਰੋਕਣ ਲਈ ਵੀ ਵੱਡੀ ਪੱਧਰ ਤੇ ਮੁਹਿੰਮ ਚਲਾਈ ਗਈ, ਪਰ ਇਸ ਪਾਸੇ ਸਫਲਤਾ ਹਾਸਿਲ ਨਹੀਂ ਕੀਤੀ ਜਾ ਸਕੀ। ਇਹਨਾਂ ਅਸਫਲਤਾਵਾਂ ਕਾਰਨ ਕੈਨੇਡਾ ਦੇ ਬਹੁਗਿਣਤੀ ਲੋਕ ਸਰਕਾਰ ਦੀ ਢਿੱਲੀ ਕਾਰਗੁਜ਼ਾਰੀ ਤੇ ਸਵਾਲ ਚੁੱਕ ਰਹੇ ਹਨ। ਦੂਸਰੇ ਪਾਸੇ ਸਮੁੱਚੇ ਕੈਨੇਡਾ ਭਰ ਅੰਦਰ ਪਿਛਲੇ ਸਮੇਂ ਤੋਂ ਕੋਰੋਨਾਂ ਕਾਰਨ ਕੰਮਾਂ ਕਾਰਾਂ ਲਈ ਲੇਬਰ ਦੀ ਵੀ ਵੱਡੀ ਘਾਟ ਦੇਖਣ ਨੂੰ ਮਿਲੀ ਹੈ। ਇਸ ਦੌਰਾਨ ਹੀ ਲਿਬਰਲ ਸਰਕਾਰ ਦੁਆਰਾ ਸਾਰਥਿਕ ਪਹਿਲਕਦਮੀਂ ਕਰਦਿਆਂ ਕੈਨੇਡਾ ਅੰਦਰ ਪਹਿਲਾਂ ਤੋਂ ਹੀ ਰਹਿ ਰਹੇ ਆਰਜੀ ਕਾਮਿਆਂ ਨੂੰ ਪੱਕੇ ਕਰਨ ਦੀ ਮੁਹਿੰਮ ਸ਼ੁਰੂ ਕੀਤੀ ਹੈ। ਇਸ ਦਾ ਵਧੇਰੇ ਫਾਇਦਾ ਵੱਡੀ ਗਿਣਤੀ ਪੰਜਾਬੀ ਨੌਜਵਾਨਾਂ ਨੂੰ ਮਿਲਿਆ ਹੈ। ਟਰੂਡੋ ਸਰਕਾਰ ਵਲੋਂ ਕੱਚਿਆਂ ਨੂੰ ਪੱਕੇ ਕਰ ਦੀ ਇਹ ਮਹਿੰਮ ਅੱਗੇ ਵੀ ਜ਼ਾਰੀ ਰੱਖਣ ਦਾ ਇਸ਼ਾਰਾ ਕੀਤਾ ਹੈ। ਦੂਸਰੇ ਪਾਸੇ ਉਕਤ ਲਿਬਰਲ ਪਾਰਟੀ ਵਲੋਂ ਹੀ ਬੱਚਿਆਂ ਦੀ ਸਾਂਭ ਸੰਭਾਲ਼ ਲਈ ਪਹਿਲਾਂ ਤੋਂ ਹੀ ਪਰਿਵਾਰਾਂ ਨੂੰ ਮਿਲ ਰਹੀ ਆਰਥਿਕ ਸਹਾਇਤਾ ਵਿੱਚ ਵਾਧਾ ਕਰਨ ਨਾਲ ਵੀ ਬਹੁਗਿਣਤੀ ਕੈਨੇਡੀਅਨ ਭਾਈਚਾਰਾ ਸੰਤੁਸ਼ਟ ਦਿਖਾਈ ਦੇ ਰਿਹਾ ਹੈ। ਐਨ ਡੀ ਪੀ ਦੇ ਮੁਖੀ ਜਗਮੀਤ ਸਿੰਘ ਵਲੋਂ ਨਗਰਿਕਾਂ ਨੂੰ ਸਿਹਤ ਸਹੂਲਤਾਂ ਸੰਬੰਧੀ ਰਾਹਤ ਦਿੰਦਿਆਂ ਦਵਾਈਆਂ ਮੁਫਤ ਦੇਣ ਦਾ ਵੀ ਐਲਾਨ ਕੀਤਾ ਗਿਆ ਹੈ। ਇਸੇ ਤਰ੍ਹਾਂ ਕੰਜ਼ਰਵੇਟਿਵ ਪਾਰਟੀ ਵੀ ਨਾਗਰਿਕਾਂ ਨੂੰ ਕਈ ਤਰ੍ਹਾਂ ਦੀਆਂ ਸਹੂਲਤਾਂ ਦੇਣ ਦੇ ਲਗਾਤਾਰ ਦਾਅਵੇ ਕਰ ਰਹੀ ਹੈ।

ਪੰਜਾਬੀ ਭਾਈਚਾਰੇ ਦੇ ਕੈਨੇਡਾ ਦੀ ਉੱਨਤੀ ਲਈ ਵੱਡੇ ਯੋਗਦਾਨ ਨੂੰ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ। ਜੇਕਰ 338 ਸੀਟਾਂ ਵਾਲੀ ਕੈਨੇਡੀਅਨ ਸੰਸਦ ਦੀਆਂ ਚੋਣਾਂ ਸੰਬੰਧੀ ਵੱਖ ਵੱਖ ਪਾਰਟੀਆਂ ਦੀਆਂ ਸਰਗਰਮੀਆਂ ਤੇ ਪੰਛੀ ਝਾਤ ਮਾਰੀ ਜਾਵੇ ਤਾਂ ਇਹ ਤੱਥ ਸਾਹਮਣੇ ਆਏ ਹਨ ਕਿ ਕੈਨੇਡਾ ਦੀਆਂ ਲੱਗਭੱਗ ਸਾਰੀਆਂ ਹੀ ਸਿਆਸੀ ਧਿਰਾਂ ਵਲੋਂ ਕੈਨੇਡਾ ਭਰ ਵਿੱਚ ਕੁੱਲ 47 ਉਮੀਦਵਾਰਾਂ ਨੂੰ ਚੋਣ ਮੈਦਾਨ ਵਿੱਚ ਉਤਾਰਿਆ ਗਿਆ ਹੈ, ਜਿਨ੍ਹਾਂ ਵਿੱਚੋਂ ਲਿਬਰਲ ਵਲੋਂ ਸਭ ਤੋਂ ਜਿਆਦਾ 17 ਉਮੀਦਵਾਰ, ਕੰਜ਼ਰਵੇਟਿਵ ਵਲੋਂ 13 ਉਮੀਦਵਾਰ, ਨਿਊ ਡੈਮੋਕਰੇਟਿਕ ਪਾਰਟੀ (ਐਨ ਡੀ ਪੀ) ਵਲੋਂ 10, ਪੀਪਲਜ਼ ਪਾਰਟੀ ਆਫ ਕੈਨੇਡਾ ਵਲੋਂ 5 ਅਤੇ ਗਰੀਨ ਪਾਰਟੀ ਵਲੋਂ 1 ਪੰਜਾਬੀ ਉਮੀਦਵਾਰ ਨੂੰ ਚੋਣ ਮੈਦਾਨ ਵਿੱਚ ਉਤਾਰਿਆ ਗਿਆ ਹੈ, ਜਦਕਿ 1 ਉਮੀਦਵਾਰ ਅਜਾਦ ਤੌਰ ਤੇ ਚੋਣ ਲੜ ਰਿਹਾ ਹੈ। ਪਿਛਲੀ ਟਰੂਡੋ ਸਰਕਾਰ ਵਿੱਚ ਰੱਖਿਆ ਮੰਤਰੀ ਰਹੇ ਹਰਜੀਤ ਸਿੰਘ ਸੱਜਣ ਵੈਨਕੂਵਰ ਸਾਊਥ ਤੋਂ, ਮੰਤਰੀ ਅਨੀਤਾ ਅਨੰਦ ਓਕਵਿਲਾ ਓਨਟਾਰੀਓ ਤੋਂ, ਬਰਦੀਸ਼ ਚੱਗਰ ਵਾਟਰਲੂ ਅਤੇ ਐਨ ਡੀ ਪੀ ਨੇਤਾ ਜਗਮੀਤ ਸਿੰਘ ਮੁੜ ਬੀ ਸੀ ਦੇ ਬਰਨਬੀ ਸਾਊਥ ਹਲਕੇ ਤੋਂ ਚੋਣ ਲੜ ਰਹੇ ਹਨ। ਜੇਕਰ ਗੱਲ ਕਰੀਏ ਚੋਣ ਸਰਵੇਖਣਾਂ ਦੀ ਤਾਂ ਇਹ ਸਾਹਮਣੇ ਆਇਆ ਹੈ ਕਿ ਲਿਬਰਲ ਅਤੇ ਕੰਜ਼ਰਵੇਟਿਵ ਦਰਮਿਆਨ ਕਾਂਟੇ ਦੀ ਟੱਕਰ ਹੋ ਰਹੀ ਹੈ। ਕਈ ਸਰਵੇਖਣ ਕੰਜ਼ਰਵੇਟਿਵ ਦਾ ਹੱਥ ਉੱਪਰ ਦੱਸ ਰਹੇ ਹਨ ਪਰ ਬਹੁਤੇ ਕੰਜ਼ਰਵੇਟਿਵ ਨੂੰ ਹੀ ਮੁੜ ਜੇਤੂ ਦਿਖਾ ਰਹੇ ਹਨ। ਇੱਕ ਸਰਵੇ ਮੁਤਾਬਿਕ 11 ਫੀਸਦੀ ਲਿਬਰਲ ਦੀ ਵੱਡੀ ਜਿੱਤ ਦਰਸਾਈ ਜਾ ਰਹੀ ਹੈ, ਜਦਕਿ 46 ਫੀਸਦੀ ਇਹ ਆਖਿਆ ਜਾ ਰਿਹਾ ਹੈ ਕਿ ਲਿਬਰਲ ਵਧੇਰੇ ਸੀਟਾਂ ਜਿੱਤ ਸਕਦੀ ਹੈ ਲੇਕਿਨ ਪੂਰਨ ਬਹੁਮੱਤ ਨਹੀਂ ਮਿਲ ਸਕੇਗਾ। ਜਦਕਿ 39 ਫੀਸਦੀ ਇਹ ਕਿਹਾ ਜਾ ਰਿਹਾ ਹੈ ਕਿ ਕੰਜ਼ਰਵੇਟਿਵ ਵਧੇਰੇ ਸੀਟਾਂ ਜਿੱਤ ਸਕਦੇ ਹਨ ਪਰ ਪੂਰਨ ਬਹੁਮੱਤ ਨਹੀਂ ਮਿਲ ਸਕਦਾ। ਬਲਕਿ ਕੇਵਲ 4 ਫੀਸਦੀ ਹੀ ਕੰਜ਼ਰਵੇਟਿਵ ਨੂੰ ਪੂਰਨ ਬਹੁਮੱਤ ਨਾਲ ਜੇਤੂ ਦਿਖਾਇਆ ਜਾ ਰਿਹਾ ਹੈ। ਕੁੱਲ ਮਿਲ਼ਾ ਕੇ ਕੈਨੇਡਾ ਅੰਦਰ ਦੁਬਾਰਾ ਲਿਬਰਲ ਸਰਕਾਰ ਬਣਨ ਦੀ ਸੰਭਾਵਨਾਂ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਜੇਕਰ ਚੋਣ ਪ੍ਰਚਾਰ ਵੱਲ ਨਜ਼ਰ ਮਾਰੀਏ ਤਾਂ ਲਿਬਰਲ ਪ੍ਰਚਾਰ ਦੇ ਮਾਧਿਅਮ ਵੱਲੋਂ ਵੀ ਬਾਜ਼ੀ ਮਾਰਦੇ ਦਿਖਾਈ ਦੇ ਰਹੇ ਹਨ। ਜਦਕਿ ਹੋਰਨਾਂ ਧਿਰਾਂ ਦਾ ਪ੍ਰਚਾਰ ਹਾਲੇ ਉਨ੍ਹਾਂ ਤੇਜ਼ ਨਹੀਂ ਦਿਖਾਈ ਦੇ ਰਿਹਾ, ਜਿਨ੍ਹਾਂ ਹੋਣਾਂ ਚਾਹੀਦਾ ਸੀ। ਲਿਬਰਲ ਦੇ ਬੀਸੀ ਲੋਅਰ ਮੇਨਲੈਂਡ ਸਰੀ ਨਿਊਟਨ ਤੋਂ ਉਮੀਦਵਾਰ ਸੁੱਖ ਧਾਲੀਵਾਲ ਅਤੇ ਸਰੀ ਸੈਂਟਰਲ ਤੋਂ ਉਮੀਦਵਾਰ ਰਣਦੀਪ ਸਿੰਘ ਸਰਾਏ, ਜੋ ਦੋਵੇਂ ਹੀ ਮੁੜ ਤੋਂ ਆਪੋ ਆਪਣੇ ਹਲਕਿਆਂ ਵਿੱਚ ਚੋਣ ਮੈਦਾਨ ਵਿੱਚ ਹਨ, ਨੇ ਗੱਲਬਾਤ ਕਰਦਿਆਂ ਦੱਸਿਆ ਕਿ ਕੈਨੇਡਾ ਭਰ ਅੰਦਰ ਸਿਹਤ ਸਹੂਲਤਾਂ ਵਿੱਚ ਸੁਧਾਰ ਕਰਨਾਂ, ਮੈਂਟਲ ਹੈਲਥ ਦੀਆਂ ਬੇਹਤਰੀਨ ਸੇਵਾਵਾਂ, ਗੰਨ ਅਤੇ ਗੈਂਗ ਹਿੰਸਾ ਤੇ ਕਾਬੂ ਪਾਉਣਾਂ ਸਮੇਂ ਹੋਰ ਪ੍ਰਮੁੱਖ ਮਸਲਿਆਂ ਦੇ ਹੱਲ ਸੰਬੰਧੀ ਲਿਬਰਲ ਪਾਰਟੀ ਚੋਣ ਮੈਦਾਨ ਵਿੱਚ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਉਹ ਰੋਜ਼ਾਨਾਂ ਡੋਰ ਟੂ ਡੋਰ ਮੁਹਿੰਮ ਤਹਿਤ ਨਾਗਰਿਕਾਂ ਨਾਲ ਮੇਲ ਜੋਲ ਕਾਇਮ ਰੱਖ ਰਹੇ ਹਨ। ਲਿਬਰਲ ਪਾਰਟੀ ਨੂੰ ਪੰਜਾਬੀਆਂ ਦਾ ਵਧੇਰੇ ਸਹਿਯੋਗ ਮਿਲਣ ਦੀ ਸੰਭਾਵਨਾਂ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਪਿਛਲੇ ਕੋਰੋਨਾਂ ਕਾਲ ਦੌਰਾਨ ਕੈਨੇਡੀਅਨ ਨਾਗਰਿਕਾਂ ਦੀ ਆਰਥਿਕ ਮੱਦਦ ਕਰਨ ਦਾ ਲਾਹਾ ਵੀ ਲਿਬਰਲ ਨੂੰ ਮਿਲਣ ਦੀ ਪੂਰੀ ਸੰਭਾਵਨਾਂ ਹੈ। 20 ਸਤੰਬਰ ਨੂੰ ਵੋਟਰ ਉਮੀਦਵਾਰਾਂ ਦੀ ਕਿਸਮਤ ਦਾ ਫੈਸਲਾ ਕਰ ਦੇਣਗੇ। ਇਸ ਤੋਂ ਬਾਅਦ ਹੀ ਪਤਾ ਲੱਗ ਸਕੇਗਾ ਕਿ ਇਹਨਾਂ ਚੋਣਾਂ ਵਿੱਚ ਕੈਨੇਡਾ ਦੀ ਰਾਜਨੀਤੀ ਦਾ ਊਠ ਕਿਸ ਕਰਵਟ ਬੈਠੇਗਾ। ਇਹ ਤਰ੍ਹਾਂ ਆਉਣ ਵਾਲਾ ਸਮਾਂ ਹੀ ਦੱਸੇਗਾ।

# ਜਦੋਂ ਤੱਕ ਰਹੇ ਜਿਉਂਦੇ ਸੱਜਣਾ ਮੇਲੇ ਲਾਵਾਂਗੇ-

## ਐਡਮਿੰਟਨ ਚ ਮੇਲਾ ਪੰਜਾਬੀਆਂ ਦਾ ਪੰਜਾਬੀਆਂ ਨੂੰ ਪੰਜਾਬੀ ਸੱਭਿਆਚਾਰ ਦੇ ਰੰਗਾਂ ਵਿੱਚ ਰੰਗ ਗਿਆ

















ਐਡਮਿੰਟਨ (ਸੁਖਦੇਵ ਧਨੋਆ ਰਾਜ ਸ਼ਰਮਾ)11 ਸਤੰਬਰ 2021 ਨੂੰ ਹਰ ਸਾਲ ਦੀ ਤਰ੍ਹਾਂ ਕੈਨੇਡੀਅਨ ਮਿਊਜ਼ਿਕ ਆਰਟਿਸਟ ਐਸੋਸੀਏਸ਼ਨ ਵੱਲੋਂ ਪੰਜਾਬ ਯੂਨਾਈਟਡ ਸਪੋਰਟਸ ਅਤੇ ਹੈਰੀਟੇਜ ਐਸੋਸੀਏਸ਼ਨ ਐਡਮਿੰਟਨ ਵੱਲੋਂ ਨੌਵਾਂ ਮੇਲਾ ਪੰਜਾਬੀਆਂ ਦਾ ਅਡਮਿੰਟਨ ਵਿਖੇ ਬੜੀ ਧੂਮਧਾਮ ਨਾਲ ਮਨਾਇਆ ਗਿਆ। ਇਸ ਮੇਲੇ ਚ ਪੰਜਾਬੀ ਦੇ ਚੋਟੀ ਦੇ ਕਲਾਕਾਰ ਸਰਬਜੀਤ ਚੀਮਾ, ਕਲੇਰ ਕੰਠ, ਭੁਪਿੰਦਰ ਮਠਾਰੂ ਤੋਂ ਇਲਾਵਾ ਐਡਮਿੰਟਨ ਦੇ ਲੋਕਲ ਕਲਾਕਾਰਾਂ ਨੇ ਭਾਗ ਲਿਆ ਜਿਵੇਂ ਕਿ ਨਿਸ਼ਾ ਬਾਨੋ, ਮੇਵਾ ਬਰਾੜ, ਰੌਬੀ, ਲਾਡੀ ਪੱਡਾ, ਸ਼ਿਲਪੀ ਚਾਵਲਾ, ਸਾਹਿਲ ਸੋਚ, ਅਤੇ ਭੁਪਿੰਦਰਪਾਲ ਸਿੰਘ ਰੰਧਾਵਾ ਨੇ ਆਪਣੇ ਗੀਤਾਂ ਨਾਲ ਚੰਗਾ ਰੰਗ ਬੰਨ੍ਹਿਆ। ਭੁਪਿੰਦਰ ਮਠਾਰੂ ਤੇ ਨਿਸ਼ਾ ਬਾਨੋ ਜਿਉਂ ਹੀ ਸਟੇਜ ਤੇ ਆਏ ਤਾਂ ਸਾਰਾ ਪੰਡਾਲ ਤਾੜੀਆਂ ਨਾਲ ਗੂੰਜ ਉੱਠਿਆ। ਇਨ੍ਹਾਂ ਦੇ ਗੀਤ ਤੇਰੇ ਬਿਨ ਨੇ ਐਡਮਿੰਟਨ ਵਾਸੀਆਂ ਦਾ ਮਨ ਮੋਹ ਲਿਆ। ਮੇਲੇ ਦੇ ਪ੍ਰਬੰਧਕਾਂ ਦੁਆਰਾ ਮੇਲੇ ਚ ਸਕਿਉਰਿਟੀ ਦੇ ਪੁਖਤਾ ਪ੍ਰਬੰਧ ਕੀਤੇ ਹੋਏ ਸਨ। ਚੱਪੇ ਚੱਪੇ ਤੋਂ ਸਕਿਉਰਿਟੀ ਦੇ ਜਵਾਨ ਤਾਇਨਾਤ ਸਨ। ਕਈ ਬਿਲਡਰ ਕੰਪਨੀਆਂ ਦੁਆਰਾ ਚਾਹ ਪਾਣੀ ਤੇ ਪਕੌੜਿਆਂ ਦਾ ਲੰਗਰ ਲਾਇਆ ਹੋਇਆ ਸੀ, ਜਿਸ ਦੀ ਦੇਖਰੇਖ ਦੀਦਾਰ ਸਿੰਘ, ਪਰਗਟ ਸਿੰਘ ਤੇ ਹੋਰ ਉਹਨਾਂ ਦੇ ਸਾਥੀ ਕਰ ਰਹੇ ਸਨ। ਮੇਲੇ ਦੇ ਪ੍ਰਬੰਧਕਾਂ ਦੁਆਰਾ ਸਫਾਈ ਅਤੇ ਮੋਬਾਇਲ ਵਾਸ਼ਰੂਮ ਦੇ ਪੁਖਤਾ ਪ੍ਰਬੰਧ ਕੀਤੇ ਹੋਏ ਸਨ। ਲਗਪਗ ਸਾਰੀਆਂ ਰਾਜਨੀਤਿਕ ਪਾਰਟੀਆਂ ਦੇ ਲੀਡਰ ਮੇਲੇ ਚ ਪਹੁੰਚੇ ਹੋਏ ਸਨ। ਇਨ੍ਹਾਂ ਸਾਰੇ ਲੀਡਰਾਂ ਨੇ ਐਡਮਿੰਟਨ ਨੂੰ ਵਾਲਿਆਂ ਨੂੰ ਮੇਲੇ ਦੀਆਂ ਵਧਾਈਆਂ ਦਿੱਤੀਆਂ। ਮੇਲੇ ਵਿੱਚ ਸਟੇਜ ਸਕੱਤਰ ਦੀ ਡਿਊਟੀ ਲਾਡੀ ਸੂਸਾਂਵਾਲੇ ਨੇ ਬੜੀ ਬਾਖੂਬੀ ਨਾਲ ਨਿਭਾਈ ਜੋ ਕਿ ਬਹੁਤ ਹੀ ਕਾਬਲੇ ਤਾਰੀਫ਼ ਸੀ। ਚੋਖੀ ਠੰਢ ਪੈਣ ਦੇ ਬਾਵਜੂਦ ਵੀ ਐਡਮਿੰਟਨ ਵਾਸੀ ਪੂਰੀ ਤਰ੍ਹਾਂ ਜੰਮ ਕੇ ਬੈਠੇ ਸਨ। ਕਾਰ ਪਾਰਕਿੰਗ ਦਾ ਬਹੁਤ ਵਧੀਆ ਪ੍ਰਬੰਧ ਸੀ। ਮੇਲੇ ਦੇ ਪ੍ਰਬੰਧਕ ਇਸ ਗੱਲੋਂ ਵੀ ਵਧਾਈ ਦੇ ਪਾਤਰ ਹਨ ਕਿਉਂਕਿ ਇਹ ਮੇਲਾ ਕੋਵਿਡ ਮਹਾਂਮਾਰੀ ਤੋਂ ਬਾਅਦ ਪਹਿਲਾ ਮੇਲਾ ਸੀ ਜਿਸ ਨੇ ਲੋਕਾਂ ਦੇ ਚਿਹਰੇ ਤੇ ਰੌਣਕ ਲਿਆਂਦੀ। ਇਹ ਫਰੀ ਮੇਲਾ ਪੰਜਾਬ ਪੰਜਾਬੀ ਅਤੇ ਪੰਜਾਬੀ ਸੱਭਿਆਚਾਰ ਨੂੰ ਸਮਰਪਿਤ ਸੀ। ਇਸ ਮੇਲੇ ਚ ਪ੍ਰਬੰਧਕ ਸਾਡੀ ਨਵੀਂ ਉਭਰਦੀ ਪਨੀਰੀ ਨੂੰ ਪੰਜਾਬੀ ਸੱਭਿਆਚਾਰ ਨਾਲ ਜੋੜਨ ਵਿੱਚ ਪੂਰੇ ਕਾਮਯਾਬ ਰਹੇ। ਮੇਲੇ ਦੇ ਅਖੀਰ ਵਿੱਚ ਉਪਿੰਦਰ ਮਠਾਰੂ ਅਤੇ ਸਟੇਜ ਸਕੱਤਰ ਲਾਡੀ ਸੂਸਾਂਵਾਲੇ ਨੇ ਐਡਮਿੰਟਨ ਵਾਸੀਆਂ ਦਾ ਧੰਨਵਾਦ ਕੀਤਾ।







Ambleton
A Qualico Community
ਛੋਟੀਆਂ ਚੀਜਾਂ ਦਾ ਆਨੰਦ ਮਾਣੋ.
ਕੈਲਗਰੀ ਦਾ ਨਵਾਂ ਉੱਤਰੀ ਏਰੀਆ
1200 ਤੋਂ ਵੱਧ ਘਰ
8 ਫੇਸ
7.3Km ਲੰਮਾ ਪਥਵੇਅ
5 ਪਾਰਕ
ਸਕੇਟਿੰਗ ਰਿੰਕ ਦੀ ਭਵਿੱਖੀ ਯੋਜਨਾ
ਹਾਈ ਸਕੂਲ ਦੀ ਭਵਿੱਖੀ ਯੋਜਨਾ
ਫੇਸ 2 ਦੀ ਡਿਵੈਲਪਮੈਂਟ ਅੱਪਡੇਟ ਲਈ ਸਾਈਨ ਅੱਪ ਕਰੋ
ਲੇਨਡ ਹੋਮ $400s ਤੋਂ ਸ਼ੁਰੂ ਹਨ
ਫਰੰਟ ਗੈਰਾਜ $500s ਤੋਂ ਸ਼ੁਰੂ ਹਨ
ਕੈਲਗਰੀ ਦੇ ਨਾਰਥ ਵੈਸਟ ਏਰੀਆ ਅੰਦਰ ਕੁਦਰਤ ਵੱਲੋਂ ਸਿਰਜੀ ਹੋਈ ਵਿਲੱਖਣ ਜਗ੍ਹਾ ਐਮਬੈਲਟਨ ਦੇ ਰੂਪ ਵਿੱਚ ਹੈ। ਖੇਡਣ ਵਾਲੇ ਖੇਤਰ,ਸਥਾਨਿਕ ਅਤੇ ਖੇਤਰੀ ਮਾਰਗ ਦੇ ਨੈਟਵਰਕ ਕਮਿਓਨਿਟੀ ਦੀ ਪੜਚੋਲ ਨੂੰ ਆਸਾਨ ਬਣਾਉਂਦੇ ਹਨ। ਕਾਫੀ ਪ੍ਰਚੂਨ, ਨੇੜਲੇ ਸਕੂਲ ਅਤੇ ਭਵਿੱਖ ਦੇ ਹਾਈ ਸਕੂਲ ਸਮੇਤ ਐਮਬਲੇਟਨ ਵਿੱਚ ਉਹ ਸਭ ਕੁੱਝ ਹੈ ਜਿਸ ਜਿਸ ਦੀ ਤੁਸੀਂ ਕਲਪਨਾ ਕਰ ਸਕਦੇ ਹੋ
ਐਮਬਲੇਟਨ ਦੇ ਅੰਤਰ ਬਾਰੇ ਹੋਰ ਜਾਣੋ : liveinambleton.com
ਐਵਾਰਡ ਜੇਤੂ ਬਿਲਡਰ: • Shane Homes • Sterling Homes • Trico Homes • Broadview Homes • Jayman Built
24 St NW
144 Ave NE
14 St NW
Evanston Dr NW
Symons Valley Pkwy NW
Stoney Trail NW
ਅਸੀਂ ਅਜਿਹਾ ਭਾਈਚਾਰਾ ਉਸਾਰਦੇ ਹਾਂ , ਜਿੱਥੇ ਚੰਗਾ ਰਹਿਣ ਸਹਿਣ, ਜ਼ਿੰਦਗੀ ਦੀਆਂ ਕਦਰਾਂ ਕੀਮਤਾਂ ਮਾਣਦੇ ਜ਼ਿੰਦਗੀ ਦੀ ਅਮੀਰੀ ਹੰਢਾ ਸਕਦੇ ਹੋ .
QUALICO communities


DAWSON'S LANDING
CHESTERMERE
A QUALICO COMMUNITY
ਲੱਭੋ ਆਪਣਾ ਸੰਪੂਰਣ ਘਰ
ਨਵੀਆਂ ਲਾਟਾਂ ਆ ਗਈਆਂ ਹਨ
• ਤਲਾਅ /ਹਰਿਆ ਭਰਿਆ ਆਲਾ ਦੁਆਲਾ
• ਫਰੰਟ ਗੈਰਾਜ ਲਾਟਾਂ
• ਵਾਕ ਆਊਟ ਲਾਟਾਂ
• ਡੁਪਲੈਕਸ ਲਾਟਾਂ
• ਲੇਨਡ ਲਾਟਾਂ
TOWNHOMES FROM THE LOW $300s
DUPLEX HOMES FROM THE MID $300s
LANED HOMES FROM THE HIGH $300s
FRONT GARAGE HOMES FROM THE LOW $500s
360° ਵਰਚੁਅਲ ਟੂਰ ਵੀ ਮਿਲਦਾ ਹੈ
ਡਾਵਸਨ ਲੈਂਡਿੰਗ ਤੁਹਾਡੇ ਪਰਿਵਾਰਾਂ ਦੇ ਵਿਕਾਸ ਨੂੰ ਧਿਆਨ ਵਿੱਚ ਰੱਖਕੇ ਬਣਾਇਆ ਗਿਆ ਹੈ। ਚੈਸਟਰਮੀਅਰ ਦੀਆਂ ਝੀਲਾਂ ਦੇ ਨੇੜੇ ਉਸਾਰਿਆ ਗਿਆ ਡਾਵਸਨ ਲੈਂਡਿੰਗ ਜਿੱਥੇ ਬਹੁਤ ਸਾਰੀਆਂ ਬਾਹਰੀ ਗਤੀਵਿਧੀਆਂ ਲਈ ਥਾਂਵਾਂ ਹਨ,ਜਿਵੇਂ ਸਕੂਲ, ਪਾਰਕ, ਸਾਪਿੰਗ ਸੈਂਟਰ ਅਤੇ ਹੋਰ ਬਹੁਤ ਕੁੱਝ। ਵੱਖੋ ਵੱਖ ਤਰਾਂ ਦੇ ਮਾਡਲਾਂ ਵਾਲੇ ਘਰ ਕੈਲਗਰੀ ਅਤੇ ਇਸ ਦੇ ਆਸ ਪਾਸ ਵਾਲੇ ਨਾਮਵਰ ਬਿਲਡਰਾਂ ਵੱਲੋਂ ਬਣਾਏ ਜਾ ਰਹੇ ਹਨ। ਚੈਸਟਰਮੀਅਰ ਝੀਲ ਤੋਂ ਸਿਰਫ ਕੁੱਝ ਕੁ ਮਿੰਟਾਂ ਦੀ ਦੂਰੀ ਉੱਪਰ ਹੀ ਹਨ ।
ਸੋ ਤੁਸੀਂ ਮਾਣ ਨਾਲ ਕਹਿ ਸਕੋਗੇ ਕਿ ਤੁਹਾਡਾ ਘਰ ਡਾਵਸਨ ਲੈਂਡਿੰਗ ਵਿੱਚ ਹੈ
liveindawsonslanding.ca
SHOWHOME APPOINTMENTS AVAILABLE AND RECOMMENDED. Broadview Homes | NuVista Homes | Trico Homes | Sterling Homes | Truman Homes | Morrison Homes
ਕਮਿਊਨਟੀ ਅੰਦਰ ਭਵਿੱਖ ਵਿੱਚ ਸਿਵਿਕ ਸੈਂਟਰ ਅਤੇ ਫੀਲਡ ਹਾਊਸ ਸਾਈਟ
22 ਮਿੰਟ ਡਰਾਈਵ ਕੈਲਗਰੀ ਡਾਊਨ ਟਾਊਨ ਤੱਕ
4 ਮਿੰਟ ਡਰਾਈਵ ਐਨੀ ਵਰਸਿਰੀ ਪਾਰਕ ਤੱਕ
4 ਮਿੰਟ ਵਿੱਚ ਚੈਸਟਰਮੀਅਰ ਬਾਈਕ ਪਾਰਕ ਤੱਕ ਪੈਦਲ
ਅਸੀਂ ਅਜਿਹਾ ਭਾਈਚਾਰਾ ਉਸਾਰਦੇ ਹਾਂ , ਜਿੱਥੇ ਚੰਗਾ ਰਹਿਣ ਸਹਿਣ, ਜ਼ਿੰਦਗੀ ਦੀਆਂ ਕਦਰਾਂ ਕੀਮਤਾਂ ਮਾਣਦੇ ਜ਼ਿੰਦਗੀ ਦੀ ਅਮੀਰੀ ਹੰਢਾ ਸਕਦੇ ਹੋ .
QUALICO communities

# CORNERSTONE

## TOP 5 REASONS TO LIVE IN CORNERSTONE




LEARN MORE AT **LIVEATCORNERSTONE.CA**

Apartment Condos | Townhomes | Duplex | Laned | Front Drive

Anthem United

anthemunited.com



ਅਜਿਹੀ ਚੋਣ ਕਰੋ ਕਿ ਤੁਹਾਡਾ ਪਰਿਵਾਰ ਤੁਹਾਨੂੰ love ਕਰੇ
TOWNHOMES FROM THE $250s
DUPLEXES FROM THE $400s
LANED HOMES FROM THE $400s
FRONT GARAGE FROM THE $500s
REDSTONE
redstonecommunity.ca
ਆਖਰੀ ਲਾਟਾਂ ਮੌਜੂਦ ਹਨ
ਹੁਣ ਆਨ ਲਾਈਨ ਵਰਚੂਅਲ ਟੂਰ ਵੀ ਲੈ ਸਕਦੇ ਹੋ
ਰੈੱਡਸਟੋਨ ਕੈਲਗਰੀ ਦੇ ਸਭ ਤੋਂ ਮਨਭਾਉਂਦੇ ਭਾਈਚਾਰਿਆਂ ਵਿੱਚੋਂ ਇੱਕ ਹੈ, ਜਿਸ ਨੂੰ ਆਪਣਾ ਘਰ ਆਖਦਿਆਂ ਤੁਸੀਂ ਮਾਣ ਮਹਿਸੂਸ ਕਰੋਗੇ।ਜ਼ਿੰਦਗੀ ਦੇ ਹਰ ਪੜਾਅ ਨੂੰ ਧਿਆਨ ਵਿੱਚ ਰੱਖਦਿਆਂ ਘਰਾਂ ਦੀ ਬਣਤਰ, ਕਾਫ਼ੀ ਹਰੀ ਜਗ੍ਹਾ ਵਾਲਾ ਏਰੀਆ, ਬਹੁਤ ਸਾਰੇ ਪਾਰਕ, ਅਤੇ ਵੱਡੀਆਂ ਲਾਟਾਂ ਉੱਪਰ ਵੱਡੇ ਘਰ ਸਸਤੇ ਰੇਟਾਂ ਉੱਪਰ ਬਣਾ ਸਕਦੇ ਹੋ। ਨਵਾਂ ਕਮਰਸੀਅਲ ਪਲਾਜ਼ਾ ਵੀ ਖੁੱਲ ਗਿਆ ਹੈ। ਤੁਹਾਡੇ ਪਰਿਵਾਰ ਲਈ ਸਹੀ ਚੋਣ ਵਾਲਾ ਘਰ ਬਣਾਉਣ ਦਾ ਇਸ ਤੋਂ ਵਧੀਆ ਮੌਕਾ ਹੋਰ ਕਈ ਹੋ ਈ ਨਹੀਂ ਸਕਦਾ
DEERFOOT TRAIL
STONEY TRAIL NE
201
COUNTRY HILLS BLVD NE
2
METIS TRAIL NE
• BROADVIEW HOMES • GRANITE BY JAYMAN BUILT • JAYMAN BUILT • NUVISTA HOMES • PACESETTER HOMES • SHANE HOMES • STREETSIDE DEVELOPMENTS • TRICO HOMES • TRUMAN HOMES
WE CREATE LEGACY COMMUNITIES THAT INSPIRE PRIDE, ENRICH LIVES AND ENDURE IN VALUE.
QUALICO® communities




SOUTH POINTE
TOYOTA
2021 COROLLA
ONLY $58 A WEEK!
$0 DOWN!
LE
2020 RAV4
ONLY $92 A WEEK!
$0 DOWN!
LE AWD
FREE
WINTER TIRES
WITH PURCHASE
0%
FINANCING AVAILABLE
FREE
REMOTE STARTER
WITH PURCHASE
RISHI MUKHERJEE
NEW CAR SALES MANAGER
ZAK BHANJI
NEW CAR SALES MANAGER
PREZ TIWANA
NEW CAR PRODUCT ADVISOR
MINAZ RATANSHI
NEW CAR PRODUCT ADVISOR
AFSHEEN HARJEE
NEW CAR PRODUCT ADVISOR
MUHAMMAD YOUSAF
NEW CAR PRODUCT ADVISOR
IT'S TIME TO TOYOTA
11150 35 ST SE
CALGARY, AB
CALL US!
403-567-8888
WWW.SOUTHPOINTETOYOTA.COM
CALGARYS #1 VOLUME TOYOTA DEALERSHIP

Calgary

# ਸਹੀ ਕਦਮ ਚੁੱਕੋ

## ਜਾਣੋ ਕਿ ਤੁਹਾਡੀਆਂ ਨੀਲੀਆਂ ਅਤੇ ਹਰੀਆਂ ਕਾਰਟਾਂ ਵਿੱਚ ਕੀ ਜਾਂਦਾ ਹੈ




ਹਰ ਕਿਸੇ ਨੂੰ ਸੁਰੱਖਿਅਤ ਰੱਖਣ ਵਿੱਚ ਸਹਾਇਤਾ ਕਰੋ - ਇਹਨਾਂ ਚੀਜ਼ਾਂ ਨੂੰ ਆਪਣੀਆਂ ਨੀਲੀਆਂ ਜਾਂ ਹਰੀਆਂ ਕਾਰਟਾਂ ਵਿੱਚ ਨਾ ਪਾਓ।



ਕੋਈ ਰਸਾਇਣ ਜਾਂ ਪ੍ਰੋਪੇਨ ਟੈਂਕ ਨਹੀਂ

ਕੋਈ ਬੈਟਰੀਆਂ ਨਹੀਂ

ਕੋਈ ਕੂੜਾ ਨਹੀਂ

ਕੋਈ ਲਿਬਾਸ, ਕੱਪੜੇ ਜਾਂ ਬੂਟ ਨਹੀਂ

ਕੋਈ ਘਰੇਲੂ ਸਮਾਨ, ਇਲੈਕਟ੍ਰੌਨਿਕਸ ਜਾਂ ਫਰਨੀਚਰ ਨਹੀਂ

ਕੋਈ ਗੁੰਝਲਦਾਰ ਚੀਜ਼ਾਂ ਜਿਵੇਂ ਕਿ ਹੋਜ਼, ਰੱਸੀ ਜਾਂ ਬਿਜਲੀ ਦੀਆਂ ਤਾਰਾਂ ਨਹੀਂ

**Calgary.ca/recycleright 'ਤੇ ਹੋਰ ਜਾਣੋ।**

21-0013570 | ADV-10003


NEW SHOWHOMES
NOW OPEN
Walker SUMMIT
NOW EVEN MORE IN
WALKER SUMMIT
More lots to choose from
LANED | FRONT GARAGE | TOWNHOMES
LIFE dentistry
Walker
SUMMIT
walkersummit.com
LANDMARK HOMES
MONTORIO HOMES
MORRISON HOMES
Pacesetter HOMES
ELLERSLIE RD SW
WATT BLVD SW
50 ST SW
60 ST SW
WATT PROMENADE SW
WATT DR SW
WONNACOTT WAY
23 AVE SW
Anthem United
anthemunited.com

# ਅਤਿਵਾਦੀ ਸਾਜ਼ਿਸ਼ ਬੇਨਕਾਬ; ਛੇ ਗ੍ਰਿਫ਼ਤਾਰ




ਨਵੀਂ ਦਿੱਲੀ (ਪੰਜਾਬੀ ਅਖਬਾਰ ਬਿਊਰੋ)- ਦਿੱਲੀ ਪੁਲੀਸ ਦੇ ਵਿਸ਼ੇਸ਼ ਸੈੱਲ ਨੇ ਅਤਿਵਾਦੀ ਸਾਜ਼ਿਸ਼ ਬੇਨਕਾਬ ਕਰਦਿਆਂ ਛੇ ਅਤਿਵਾਦੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਮੀਡੀਆ ਨੂੰ ਸੰਬੋਧਨ ਕਰਦਿਆਂ ਸਪੈਸ਼ਲ ਪੁਲੀਸ ਕਮਿਸ਼ਨਰ ਨੀਰਜ ਠਾਕੁਰ ਨੇ ਦੱਸਿਆ ਕਿ ਇਹ ਹਮਲੇ ਬਿਲਕੁਲ ਉਸੇ ਤਰ੍ਹਾਂ ਕਰਵਾਏ ਜਾਣੇ ਸਨ ਜਿਸ ਤਰ੍ਹਾਂ 1993 ਵਿੱਚ ਮੁੰਬਈ ਵਿੱਚ ਬੰਬ ਧਮਾਕੇ ਹੋਏ ਸਨ। ਇਹ ਹਮਲਿਆਂ ਦਾ ਸਬੰਧ ਕਥਿਤ ਤੌਰ ’ਤੇ ਪਾਕਿਸਤਾਨੀ ਗੈਂਗਸਟਰ ਦਾਊਦ ਇਬਰਾਹਿਮ ਨਾਲ ਸੀ। ਇਹ ਵਿਸ਼ਵਾਸ ਕੀਤਾ ਜਾ ਰਿਹਾ ਹੈ ਕਿ ਦਾਊਦ ਇਬਰਾਹਿਮ ਮੌਜੂਦਾ ਸਮੇਂ ਪਾਕਿਸਤਾਨ ਵਿੱਚ ਰਹਿ ਰਿਹਾ ਹੈ। ਉਨ੍ਹਾਂ ਕਿਹਾ ਕਿ ਫੜੇ ਗਏ ਦੋ ਅਤਿਵਾਦੀ ਪਿਛਲੇ 15 ਦਿਨਾਂ ਤੋਂ ਪਾਕਿਸਤਾਨ ਵਿੱਚ ਸਿਖਲਾਈ ਲੈ ਰਹੇ ਸਨ ਤੇ ਇਨ੍ਹਾਂ ਵਿੱਚੋਂ ਇਕ ਅਤਿਵਾਦੀ ਨੂੰ ਭਾਰਤ ਵਿੱਚ ਨਵਰਾਤਰੀ ਤੇ ਰਾਮ ਲੀਲ੍ਹਾ ਦੌਰਾਨ ਲੋਕਾਂ ਨੂੰ ਨਿਸ਼ਾਨਾ ਬਣਾਉਣ ਲਈ ਵੱਖ ਵੱਖ ਥਾਵਾਂ ਦੀ ਨਿਸ਼ਾਨਦੇਹੀ ਕਰਨ ਲਈ ਕਿਹਾ ਗਿਆ ਸੀ। ਗ੍ਰਿਫ਼ਤਾਰ ਕੀਤੇ ਅਤਿਵਾਦੀਆਂ ਵਿੱਚ ਜਾਨ ਮੁਹੰਮਦ ਸ਼ੇਖ (47), ਓਸਾਮਾ (22), ਮੂਲ ਚੰਦ (47), ਜ਼ੀਸ਼ਾਨ ਕਮਰ (28), ਮੁਹੰਮਦ ਅਬੂ ਬਾਕਰ (23) ਤੇ ਮੁਹੰਮਦ ਅਮੀਰ ਜਾਵੇਦ (31) ਸ਼ਾਮਲ ਹਨ। ਇਨ੍ਹਾਂ ਅਤਿਵਾਦੀਆਂ ਨੂੰ ਮਹਾਰਾਸ਼ਟਰ, ਦਿੱਲੀ, ਉੱਤਰ ਪ੍ਰਦੇਸ਼ ਤੇ ਰਾਜਸਥਾਨ ਤੋਂ ਗ੍ਰਿਫ਼ਤਾਰ ਕੀਤਾ ਗਿਆ ਹੈ।

## ਜੋਡੀ ਵਿਲਸਨ ਦੀ ਕਿਤਾਬ ਦੇ ਵਰਕੇ ਜਸਟਿਨ ਟਰੂਡੋ ਲਈ ਸੁਆਲ ਬਣ ਖੁੱਲ ਰਹੇ ਹਨ

ਵਿਨੀਪੈਗ (ਪੰਜਾਬੀ ਅਖ਼ਬਾਰ ਬਿਊਰੋ) ਸਾਬਕਾ ਫੈਡਰਲ ਜਸਟਿਸ ਮਨਿਸਟਰ ਜੋਡੀ ਵਿਲਸਨ ਰੇਬਉਲਡ ਵੱਲੋਂ ਆਪਣੀ ਕਿਤਾਬ ਵਿੱਚ ਐਸ ਐਨ ਸੀ-ਲੈਵਾਲਿਨ ਦੇ ਮਾਮਲੇ 'ਤੇ ਕੀਤੇ ਗਏ ਸਨਸਨੀਖੇਜ਼ ਖੁਲਾਸੇ ਮਗਰੋਂ ਲਿਬਰਲ ਲੀਡਰ ਜਸਟਿਨ ਟਰੂਡੋ ਨੂੰ ਕਈ ਨਵੇਂ ਸਵਾਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਵੈਨਕੂਵਰ ਪਹੁੰਚੇ ਜਸਟਿਨ ਟਰੂਡੋ ਨੂੰ ਪੁੱਛਿਆ ਗਿਆ ਕਿ ਕੀ ਉਹ ਲੋੜੀਂਦੇ ਦਸਤਾਵੇਜ਼ ਜਾਂਚ ਵਾਸਤੇ ਆਰ ਸੀ ਐਮ ਪੀ ਨੂੰ ਦੇਣਗੇ ਤਾਂ ਉਹਨਾਂ ਇਸ ਸਵਾਲ ਦਾ ਜਵਾਬ ਟਾਲ ਦਿੱਤਾ। ਉਹਨਾਂ ਕਿਹਾ ਕਿ ਦੋ ਸਾਲ ਪਹਿਲਾਂ ਉਹ ਇਸ ਦੇ ਜਵਾਬ ਦੇ ਚੁੱਕੇ ਹਨ। ਉਹਨਾਂ ਕਿਹਾ ਹੈ ਕਿ ਆਰ ਸੀ ਐਮ ਪੀ ਨੇ ਉਹਨਾਂ ਤੱਕ ਇਹਨਾਂ ਦਸਤਾਵੇਜ਼ਾਂ ਲਈ ਪਹੁੰਚ ਨਹੀਂ ਕੀਤੀ ਹੈ।

## ਜਸਟਿਨ ਟਰੂਡੋ ਅਗਲੀ ਵਾਰੀ ਫਿਰ ਸਰਕਾਰ ਬਣਾਉਂਦੇ ਦਿਖਾਈ ਦੇ ਰਹੇ ਹਨ

ਵਿਨੀਪੈਗ (ਪੰਜਾਬੀ ਅਖ਼ਬਾਰ ਬਿਊਰੋ) ਆਉਂਦੇ ਸੋਮਵਾਰ 20 ਸਤੰਬਰ ਵਾਲੇ ਦਿਨ ਹਾਊਸ ਔਫ਼ ਕੌਮਨਜ਼ ਦੇ ਮੈਂਬਰਜ਼ ਚੁਣਨ ਵਾਸਤੇ ਵੋਟਾਂ ਪੈਣਗੀਆਂ ਅਤੇ ਇਸ ਦਰਮਿਆਨ ਚੋਣ ਸਰਵੇਖਣਾਂ ਵਿੱਚ ਅੱਗੇ ਚੱਲ ਰਹੀ ਕੰਜ਼ਰਵੇਟਿਵ ਪਾਰਟੀ ਔਫ਼ ਕੈਨੇਡਾ ਦੇ ਚੋਣ ਜਿੱਤ ਸਕਣ ਦੀਆਂ ਸੰਭਾਵਨਾਵਾਂ ਨੂੰ ਪੀਪਲਜ਼ ਪਾਰਟੀ ਔਫ਼ ਕੈਨੇਡਾ ਦੀ ਚੜ੍ਹਤ ਨੇ ਖੋਰਾ ਲਗਾਉਣਾ ਸ਼ੁਰੂ ਕਰ ਦਿੱਤਾ ਹੈ। ਪਿਛਲੀ ਵਾਰ ਟੋਰੀ ਪਾਰਟੀ, ਪੀਪਲਜ਼ ਪਾਰਟੀ ਔਫ਼ ਕੈਨੇਡਾ ਕਾਰਨ 7 ਸੀਟਾਂ ਹਾਰ ਗਈ ਸੀ ਤੇ ਇਸ ਵਾਰ ਜ਼ਿਆਦਾ ਸੀਟਾਂ ਦਾ ਨੁਕਸਾਨ ਹੋ ਸਕਦਾ ਮੰਨਿਆ ਜਾ ਰਿਹਾ ਹੈ। ਨਵੀਨਤਮ ਚੋਣ ਸਰਵੇਖਣਾਂ ਵਿੱਚ ਜਸਟਿਨ ਟਰੂਡੋ ਦੇ ਪ੍ਰਧਾਨ ਮੰਤਰੀ ਬਣੇ ਰਹਿਣ ਅਤੇ ਲਿਬਰਲਜ਼ ਦੀ ਮੁੜ ਮਾਇਨੌਰਿਟੀ ਸਰਕਾਰ ਬਣਨ ਦੀ ਸੰਭਾਵਨਾ ਦਰਸਾਈ ਜਾ ਰਹੀ ਹੈ

## ਇੰਗਲੈਂਡ ਵਿੱਚ ਸਾਰਾਗੜੀ ਲੜਾਈ ਦੇ ਹੀਰੋ ਹਵਾਲਦਾਰ ਈਸ਼ਰ ਸਿੰਘ ਦਾ ਬੁੱਤ ਸਥਾਪਿਤ ਕੀਤਾ ਗਿਆ

ਵਿਨੀਪੈਗ (ਪੰਜਾਬੀ ਅਖ਼ਬਾਰ ਬਿਊਰੋ) ਸਾਲ 1897 ਵਿੱਚ 20 ਸਿੱਖ ਫੌਜੀਆਂ ਦੀ ਅਗਵਾਈ ਕਰਦਿਆਂ ਸ਼ਹਾਦਤ ਦਾ ਜਾਮ ਪੀਣ ਵਾਲੇ ਸਾਰਾਗੜ੍ਹੀ ਦੀ ਲੜਾਈ ਦੇ ਹੀਰੋ ਹਵਾਲਦਾਰ ਈਸ਼ਰ ਸਿੰਘ ਦਾ ਇੰਗਲੈਂਡ ਵਿੱਚ ਤਾਂਬੇ ਦਾ ਬੁੱਤ ਲਗਾਇਆ ਗਿਆ ਹੈ। ਵੁਲਵਰਹੈਂਪਟਨ ਵਿੱਚ ਇਹ ਬੁੱਤ ਲਗਾਇਆ ਗਿਆ ਹੈ ਜਿਹੜਾ 10 ਫੁੱਟ ਉਚਾ ਹੈ ਤੇ 6 ਫੁੱਟ ਉੱਚੇ ਥੜ੍ਹੇ ਉੱਪਰ ਇਸ ਨੂੰ ਸਥਾਪਿਤ ਕੀਤਾ ਗਿਆ ਹੈ। ਪੰਜ ਪਿਆਰਿਆਂ ਵੱਲੋਂ ਕੀਤੀ ਗਈ ਅਰਦਾਸ ਨਾਲ ਨਾਲ ਇਸ ਬੁੱਤ ਤੋਂ ਪਰਦਾ ਚੁੱਕਿਆ ਗਿਆ। ਸ਼ਹੀਦ ਹੋਣ ਵਾਲੇ ਸਾਰੇ ਸਿੱਖ ਫੌਜੀਆਂ ਦੇ ਨਾਮ ਵੀ ਇੱਥੇ ਲੱਗੀ ਪਲੇਕ ਉੱਪਰ ਉੱਕਰੇ ਗਏ ਹਨ।

## ਮੈਨੀਟੋਬਾ ਵਾਸੀ ਵੈਕਸੀਨ ਪਾਸਪੋਰਟ ਦੀ ਮਹੱਤਤਾ ਸਮਝਦੇ ਹਨ

ਵਿਨੀਪੈੱਗ (ਪੰਜਾਬੀ ਅਖ਼ਬਾਰ ਬਿਊਰੋ) ਐਂਗਰਸ ਰੀਡ ਇੰਸਟੀਚਿਊਟ ਵੱਲੋਂ ਕੀਤੇ ਗਏ ਸਰਵੇ ਮੁਤਾਬਕ ਕੈਨੇਡਾ ਵਾਸੀਆਂ ਵਿੱਚ ਵੈਕਸਿਨ ਜਰੂਰੀ ਕਰਨ ਅਤੇ ਵੈਕਸਿੰਗ ਪਾਸਪੋਰਟ ਦੀ ਹਮਾਇਤ ਵੱਧਦੀ ਜਾ ਰਹੀ ਹੈ। ਬੀਤੇ ਦਿਨੀ ਸਾਂਝੇ ਕੀਤੇ ਗਏ ਪੂਲ ਆਂਕੜਿਆਂ ਮੁਤਾਬਕ 70 ਪਰਸੈਂਟ ਕੈਨੇਡੀਅਨਜ਼ ਵੈਕਸੀਨੇਸ਼ਨ ਦਾ ਪਰੂਫ ਜਰੂਰੀ ਕਰਨ ਦੇ ਹੱਕ ਵਿੱਚ ਹਨ। ਖ਼ਾਸਕਰ ਜਦੋਂ ਕਿ ਪਬਲਿਕ ਥਾਵਾਂ ਜਾਂ ਈਵੈਂਟਸ ਦੇ ਉੱਤੇ ਜਾਣਾ ਹੋਵੇ ਤਿੰਨ ਚੌਥਾਈ ਕੈਨੇਡੀਅਨ ਵੈਕਸੀਨ ਪਾਸਪੋਰਟ ਦੇ ਹੱਕ ਵਿੱਚ ਹਨ। ਜਦੋਂ ਪੰਜਾਹ ਵਿਅਕਤੀਆਂ ਜਾਂ ਇਸ ਤੋਂ ਵੱਧ ਦਾ ਇਕੱਠ ਹੋਣਾ ਹੋਵੇ ਸਰਵੇ ਵਿੱਚ ਸ਼ਾਮਲ ਲੋਕਾਂ ਵਿੱਚੋਂ ਔਸਤਨ 10 ਵਿਅਕਤੀਆਂ ਵਿੱਚੋਂ 7 ਵਿਅਕਤੀਆਂ ਨੇ ਵੈਕਸੀਨ ਪਾਸਪੋਰਟ ਨੂੰ ਰੈਸਟੋਰੈਂਟ ਮੌਲਜ਼ ਅਤੇ ਧਾਰਮਿਕ ਸਥਾਨਾਂ ਤੇ ਲਾਗੂ ਕਰਨ ਦੀ ਗੱਲ ਵੀ ਆਖੀ। 66 ਪ੍ਰਸੈਂਟ ਲੋਕਾਂ ਨੇ ਵੈਕਸੀਨ ਪਾਸਪੋਰਟ ਨੂੰ ਹੋਰ ਵਰਕ ਪਲੇਸਸ ਉੱਤੇ ਵੀ ਵਰਤਣ ਲਈ ਆਖਿਆ। ਜੋ ਲੋਕ ਵੈਕਸੀਨੇਟਡ ਨਹੀਂ ਹਨ ਉਨ੍ਹਾਂ ਨੂੰ ਕੀ ਖਮਿਆਜਾ ਭੁਗਤਣਾ ਚਾਹੀਦਾ ਹੈ ਇਸ ਗੱਲ ਉੱਤੇ ਬਹੁਤੇ ਕੈਨੇਡੀਅਨ ਦੀ ਵੱਖ ਵੱਖ ਰਾਇ ਹੈ। ਸਰਵੇ ਦੌਰਾਨ 5 ਵਿਚੋਂ 2 ਵਿਅਕਤੀਆਂ ਦਾ ਆਖਣਾ ਹੈ ਕਿ ਅਨ ਵੈਕਸੀਨੇਟਡ ਲੋਕਾਂ ਨੂੰ ਚਾਰਜ ਕਰਕੇ ਗ੍ਰਿਫਿਤਾਰ ਕਰਨਾ ਚਾਹੀਦਾ ਹੈ ਜਦੋਂ ਕਿ 44 ਪਰਸੈਂਟ ਲੋਕਾਂ ਦੀ ਰਾਏ ਹੈ ਕਿ ਉਨ੍ਹਾਂ ਨੂੰ ਕਿਸੇ ਵੀ ਹੋਰ ਸਰਵਿਸਿਜ਼ ਦੇ ਵਿੱਚ ਮਨਾਹੀ ਕਰ ਦੇਣੀ ਚਾਹੀਦੀ ਹੈ।




## ਕਰੋਨਾ ਦਾ ਦੈਂਤ ਹੁਣ ਜਵਾਨ ਬੱਚਿਆਂ ਵੱਲ ਨੂੰ ਹੋ ਤੁਰਿਆ ਹੈ



ਵਿਨੀਪੈੱਗ (ਪੰਜਾਬੀ ਅਖ਼ਬਾਰ ਬਿਊਰੋ) ਮੈਨੀਟੋਬਾ ਸਰਕਾਰ ਵੱਲੋਂ ਸਾਂਝੇ ਕੀਤੇ ਗਏ ਪ੍ਰਵਿੰਸ਼ੀਅਲ ਕੋਵਿਡ ਡਾਟਾ ਅਨੁਸਾਰ ਹੁਣ 18 ਸਾਲ ਤੱਕ ਦੇ ਬੱਚੇ ਅਤੇ ਯੂਥ ਕੋਵਿਡ-19 ਦਾ ਸ਼ਿਕਾਰ ਹੋ ਰਹੇ ਹਨ। 13 ਜੂਨ ਤੋਂ ਲੈ ਕੇ 28 ਅਗਸਤ ਤੱਕ ਦੇ ਡਾਟਾ ਅਨੁਸਾਰ ਸੂਬੇ ਵਿੱਚ ਆਏ 4283 ਕੇਸਾਂ ਵਿੱਚ 1554 ਕੇਸ ਜ਼ੀਰੋ ਤੋਂ ਅਠਾਰਾਂ ਸਾਲ ਤੱਕ ਦੇ ਬੱਚਿਆਂ ਨਾਲ ਸਬੰਧਤ ਹਨ ਜੋ ਕਿ ਇੱਕ ਤਿਹਾਈ ਹਿੱਸਾ ਬਣਦਾ ਹੈ। ਇਸ ਡੇਟਾ ਕਾਰਨ ਅਤੇ ਡੇਲਟਾ ਵੇਰੀਐਂਟ ਦੇ ਖਤਰੇ ਨੂੰ ਵੇਖਦੇ ਹੋਏ ਸਿਹਤ ਮਾਹਿਰਾਂ ਅਤੇ ਮਾਪਿਆਂ ਦੇ ਵਿੱਚ ਚਿੰਤਾ ਹੈ, ਕਿਉਂਕਿ 12 ਸਾਲ ਤੋਂ ਘੱਟ ਉਮਰ ਵਰਗ ਵਾਲੇ ਬੱਚੇ ਅਜੇ ਵੀ ਵੈਕਸੀਨੇਟ ਨਹੀਂ ਹੋਏ ਹਨ ਅਤੇ ਉਨ੍ਹਾਂ ਨੇ ਸਕੂਲ ਜਾਣਾ ਸ਼ੁਰੂ ਕਰ ਦਿੱਤਾ ਹੈ। ਇਨ੍ਹਾਂ 1554 ਕੇਸਾਂ ਵਿਚੋਂ 17 ਬੱਚਿਆਂ ਨੂੰ ਹਸਪਤਾਲ ਜਾਣਾ ਪਿਆ ਹੈ ਪਰ ਚੰਗੀ ਗੱਲ ਹੈ ਕਿ ਇਨ੍ਹਾਂ ਵਿੱਚੋਂ ਕੋਈ ਵੀ ਆਈਸੀਯੂ ਵਿੱਚ ਦਾਖਿਲ ਨਹੀਂ ਹੋਇਆ। ਸਿਹਤ ਮਾਹਿਰਾਂ ਨੇ ਮਾਪਿਆਂ ਨੂੰ ਅਪੀਲ ਕੀਤੀ ਕਿ ਬੱਚਿਆਂ ਨੂੰ ਧਿਆਨ ਰੱਖਣ ਲਈ ਆਖਿਆ ਜਾਵੇ।




ਕੈਲਗਰੀ ਵਿਖੇ ਹੋਏ ਅਲਬਰਟਾ ਫੀਲਡ ਹਾਕੀ ਕੱਪ 5 ਸਤੰਬਰ 2021 ਦੌਰਾਨ ਵਿਨੀਪੈਗ ਵਾਸੀ ਰੁਪਿੰਦਰ ਸਹਿਜਪਾਲ ਆਪਣੇ ਵਰਗ ਅੰਡਰ -16 ਵਿੱਚ ਬੈਸਟ ਪਲੇਅਰ ਆਫ ਟੂਰਨਾਮੈਂਟ ਚੁਣੇ ਗਏ।

## ਓਹ ਵੇਲਾ ਯਾਦ ਕਰ ਵਾਲੀ ਡਾ: ਬਲਵਿੰਦਰ ਕੌਰ ਬਰਾੜ ਦੇ ਰੂਬਰੂ ਪ੍ਰੋਗਰਾਮ ਕਰਵਾਇਆ ਗਿਆ




ਵਿਨੀਪੈਗ (ਪੰਜਾਬੀ ਅਖ਼ਬਾਰ ਬਿਊਰੋ) ਅਗਸਤ 28, 2021 ਦਿਨ ਸ਼ਨੀਵਾਰ ਨੂੰ ਪੰਜਾਬੀ ਯੂਨੀਵਰਸਿਟੀ ਦੇ ਸਾਬਕਾ ਵਿਦਿਆਰਥੀਆਂ ਵੱਲੋਂ ਆਪਣੇ ਅਧਿਆਪਕ ਡਾ. ਬਲਵਿੰਦਰ ਕੌਰ ਬਰਾੜ ਸਾਬਕਾ ਮੁੱਖੀ ਪੰਜਾਬੀ ਵਿਭਾਗ, ਪੰਜਾਬੀ ਯੂਨੀਵਰਸਿਟੀ ਪਟਿਆਲਾ ਅਤੇ ਪੰਜਾਬੀ ਅਖ਼ਬਾਰ ਵਿੱਚ ਪੰਨਾ 11 ਉੱਪਰ ਲੜੀਵਾਰ ਛਪਦੇ ਕਾਲਮ "ਓਹ ਵੇਲਾ ਯਾਦ ਕਰ" ਦੀ ਲਿਖਣਹਾਰੀ ਦੇ ਰੂ-ਬ-ਰੂ ਪ੍ਰੋਗਰਾਮ ਕਰਵਾਇਆ ਗਿਆ। ਬਲਵਿੰਦਰ ਕੌਰ ਬਰਾੜ, ਜੋ ਕਿ ਪਿਛਲੇ ਲੰਮੇ ਸਮੇਂ ਤੋਂ ਕੈਲਗਰੀ ਵਿੱਚ ਰਹਿ ਰਹੇ, ਨੇ ਉਚੇਚੇ ਤੌਰ ਉੱਤੇ ਸ਼ਿਰਕਤ ਕੀਤੀ ਅਤੇ ਕਨੇਡਾ ਵਿੱਚ ਪਰਵਾਸੀ ਪੰਜਾਬੀ ਔਰਤ ਦੀ ਦਸ਼ਾ ਅਤੇ ਦਿਸ਼ਾ ਦੇ ਵਿਸ਼ੇ ਉੱਤੇ ਆਪਣੇ ਵਿਚਾਰ ਸਾਂਝੇ ਕੀਤੇ ਤੇ ਇਸੇ ਮੌਕੇ ਹੀ 70ਵਿਆਂ ਦੇ ਦਹਾਕੇ ਤੋਂ ਵਿਨੀਪੈਗ ’ਚ ਰਹਿ ਰਹੇ ਸ੍ਰੀਮਤੀ ਪਰਮਜੀਤ ਕੌਰ ਬੇਦੀ ਨੇ ਵੀ ਸਮਾਗਮ ਸਬੰਧੀ ਭੂਮਿਕਾ ਪੇਸ਼ ਕੀਤੀ। ਇਸ ਸਾਹਿਤਕ ਸਮਾਰੋਹ ਵਿੱਚ ਜੋਗਿੰਦਰ ਸਿੰਘ ਧਾਮੀ ਨੇ ਵੀ ਇਸ ਵਿਸ਼ੇ ਉੱਤੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਕਨੇਡਾ ਵਿੱਚ ਔਰਤ ਅਤੇ ਮਰਦ ਦੀ ਬਰਾਬਰਤਾ ਦੇ ਸੰਕਲਪ ਨੂੰ ਛੋਹਿਆ। ਉਨ੍ਹਾਂ ਨੇ ਇਸ ਸੰਦਰਭ ਵਿੱਚ ਕਨੇਡਾ ਦੇ ਬਰਾਬਰਤਾ ਆਧਾਰਿਤ ਕਾਨੂੰਨ ਪ੍ਰਬੰਧ ਅਤੇ ਵੈਲਫੇਅਰ ਏਜੰਸੀਆਂ ਦੀ ਸ਼ਲਾਘਾ ਕੀਤੀ। ਇਸ ਸਾਹਿਤਕ ਸਮਾਰੋਹ ਵਿੱਚ ਕੁੱਝ ਲੇਖਕਾਂ ਨੇ ਆਪਣੀਆਂ ਸਿਰਜਣਾਤਮਕ ਰਚਨਾਵਾਂ ਵੀ ਹਾਜਰੀਨ ਨਾਲ ਸਾਂਝੀਆਂ ਕੀਤੀਆਂ। ਇਸ ਅਧੀਨ ਕਵਿਤਰੀ ਅਮਨ. ਸੀ ਸਿੰਘ ਨੇ ਔਰਤ ਵਰਗ ਦੇ ਹੱਕ ਵਿੱਚ ਭੁਗਤਦੀ ਕਵਿਤਾ "ਇਹ ਜੋ ਨਦੀਆਂ ਅਤੇ ਸ. ਮੰਗਲ ਸਿੰਘ ਬਰਾੜ ਨੇ ਆਪਣੀ ਕਵਿਤਾ ਜ਼ਿੰਦਗੀ ਸਰੋਤਿਆਂ ਨਾਲ ਸਾਂਝੀ ਕੀਤੀ ਅਤੇ ਜ਼ਿੰਦਗੀ ਵਿਚਲੇ ਉਤਰਾਅ ਅਤੇ ਚੜਾਅ ਦੇ ਬਾਵਜੂਦ ਹਮੇਸ਼ਾ ਆਸ਼ਾਵਾਦੀ ਅਤੇ ਕਾਰਜਸ਼ੀਲ ਰਹਿਣ ਦਾ ਸੁਨੇਹਾ ਦਿੱਤਾ। ਪ੍ਰੋਗਰਾਮ ਦੇ ਅੰਤਲੇ ਪੜਾਅ ਦੇ ਉੱਤੇ ਸ. ਬਲਦੇਵ ਸਿੰਘ ਬੇਦੀ ਹੁਰਾਂ ਨੇ ਸਮੂਹ ਸਰੋਤਿਆਂ ਨਾਲ ਇੱਕ ਨਜ਼ਮ ਸਾਂਝੀ ਕਰਦਿਆਂ ਸਮੂਹ ਸਰੋਤਿਆਂ ਦਾ ਧੰਨਵਾਦ ਕੀਤਾ। ਇੱਥੇ ਉਨ੍ਹਾਂ ਨੇ ਸਾਹਿਤ ਪੜ੍ਹਨ ਦੇ ਰੁਝਾਨ ਸੰਬੰਧੀ ਕੁੱਝ ਵਿਚਾਰ ਪ੍ਰਗਟ ਕੀਤੇ ਅਤੇ ਆਉਣ ਵਾਲੇ ਸਮੇਂ ਵਿੱਚ ਵਿਨੀਪੈਗ ਵਿੱਚ ਸਾਹਿਤ ਪੜ੍ਹਨ ਅਤੇ ਸਾਹਿਤਕ ਪੁਸਤਕਾਂ ਦੀ ਉਪਲਬਧੀ ਲਈ ਕੋਈ ਪੁਖਤਾ ਪ੍ਰਬੰਧ ਕਰਨ ਲਈ ਹੁੰਗਾਰਾ ਭਰਿਆ। ਕੁਲ ਮਿਲਾ ਕੇ ਇਹ ਸਾਹਿਤਕ ਸਮਾਰੋਹ ਬੇਹੱਦ ਉਸਾਰੂ ਰਿਹਾ ਜਿਸ ਵਿੱਚ ਅਜੋਕੇ ਸਮਾਜ ਦੇ ਸਰਗਰਮ ਮਸਲਿਆਂ ਉੱਤੇ ਖੁੱਲ ਕੇ ਵਿਚਾਰ-ਵਟਾਂਦਰਾ ਹੋਇਆ। ਔਰਤ ਵਰਗ ਦੀ ਦਸ਼ਾ ਅਤੇ ਦਿਸ਼ਾ ਦਾ ਵਿਸ਼ਲੇਸ਼ਣ ਪਰਵਾਸ ਪ੍ਰਕਿਰਿਆ ਵਿੱਚ ਆਈਆਂ ਤਬਦੀਲੀਆਂ ਦੇ ਸੰਦਰਭ ਵਿੱਚ ਹੀ ਕੀਤਾ ਗਿਆ ਜਿਸ ਨਾਲ ਇਸ ਪ੍ਰੋਗਰਾਮ ਵਿੱਚ ਪਰਵਾਸੀ ਔਰਤ ਦੀ ਦਸ਼ਾ ਦੇ ਨਾਲ-ਨਾਲ ਕਨੇਡਾ ਵਿੱਚ ਵਾਪਰੀ ਅਤੇ ਵਾਪਰ ਰਹੀ ਪਰਵਾਸ ਪ੍ਰਕਿਰਿਆ ਬਾਰੇ ਵੀ ਭਰਪੂਰ ਚਰਚਾ ਹੋ ਸਕੀ। ਸ਼ਾਲਾ! ਸ਼ਬਦਾਂ ਦਾ ਇਹ ਵਣਜ ਇਸੇ ਤਰ੍ਹਾਂ ਚਲਦਾ ਰਹੇ ਅਤੇ ਇਸ ਤਰ੍ਹਾਂ ਦੀਆਂ ਸਾਹਿਤਕ ਸਰਗਰਮੀਆਂ ਵਿੰਨੀਪੈੱਗ ਵਾਸੀਆਂ ਦੇ ਹਿੱਸੇ ਆਉਂਦੀਆਂ ਰਹਿਣ। ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਲਈ ਸਾਹਿਤ ਪੜ੍ਹਨ ਦਾ ਰੁਝਾਨ ਪੈਦਾ ਕੀਤਾ ਜਾ ਸਕੇ ਅਤੇ ਵੱਖ-ਵੱਖ ਵਸੀਲਿਆਂ ਰਾਹੀ ਪੰਜਾਬੀ ਭਾਸ਼ਾ ਦੇ ਜੀਵੰਤ ਹੋਣ ਦਾ ਪ੍ਰਮਾਣ ਦਿੱਤਾ ਜਾ ਸਕੇ।। ਇਸ ਪ੍ਰੋਗਰਾਮ ਵਿੱਚ ਵਿਨੀਪੈੱਗ ਦੇ ਪਤਵੰਤੇ ਸੱਜਣਾਂ ਮਾਣਯੋਗ ਬਲਦੇਵ ਸਿੰਘ ਬੇਦੀ, ਸ. ਜੋਗਿੰਦਰ ਸਿੰਘ ਧਾਮੀ, ਸ. ਮੰਗਲ ਸਿੰਘ ਬਰਾੜ, ਕਵਿੱਤਰੀ ਅਮਨਦੀਪ. ਸੀ ਸਿੰਘ, ਡਾ. ਪ੍ਰਿਤਪਾਲ ਕੌਰ ਚਹਿਲ, ਮਨਧੀਰ ਕੌਰ ਮਨੂੰ, ਨਵਨੀਤ ਕੌਰ ਨਵ ਸਵੇਰ, ਡਾ. ਬਬਨੀਤ ਕੌਰ ਅਤੇ ਅੰਮ੍ਰਿਤ ਸਿੰਘ ਕੰਗ (ਪ੍ਰਾਈਮ ਏਸ਼ੀਆ) ਨੇ ਸ਼ਿਰਕਤ ਕੀਤੀ।

## ਛੋਟੀ ਉਮਰ ਦੇ ਖਿਡਾਰੀਆਂ ਨਾਲ ਸਰੀਰਕ ਛੇੜਛਾੜ ਕਰਨ ਵਾਲਾ ਕੋਚ 25 ਸਾਲਾ ਬਾਦ ਕਾਨੂੰਨ ਦੇ ਅੜਿੱਕੇ ਆ ਗਿਆ




ਵਿਨੀਪੈੱਗ (ਪੰਜਾਬੀ ਅਖ਼ਬਾਰ ਬਿਊਰੋ) ਵਿਨੀਪੈੱਗ ਦੇ ਇੱਕ ਫਾਰਮਰ ਹਾਕੀ ਕੋਚ ਰੌਬਟ ਜੌਸਫ਼ ਡੌਸਨ ਉਤੇ ਸੈਕਸ਼ੂਅਲ ਅਸਾਲਟ ਦੇ ਚਾਰਜ ਲੱਗਣ ਤੋਂ ਬਾਅਦ ਉਸ ਨੂੰ ਗ੍ਰਿਫਿਤਾਰ ਕਰ ਲਿਆ ਗਿਆ ਹੈ। ਇਸ ਸਮੇਂ ਬਤੌਰ ਵਕੀਲ ਪ੍ਰੈਕਟਿਸ ਕਰ ਰਹੇ ਰੌਬਰਟ ਉੱਤੇ ਇਹ ਆਰੋਪ 1993 ਤੋਂ 1995 ਸਾਲਾਂ ਦੌਰਾਨ ਦੇ ਹਨ ਜਦੋਂ ਉਹ ਹਾਕੀ ਕੋਚ ਸੀ। ਆਰੋਪ ਲਗਾਉਣ ਵਾਲੇ ਪੀੜ੍ਹਤ ਇਸ ਸਾਲ ਜੂਨ ਵਿਚ ਆਪਣੇ ਆਪ ਸਾਹਮਣੇ ਆਏ ਅਤੇ ਇਹ ਅਰੋਪ ਰੋ-ਬੋਟ ਦੇ ਖਿਲਾਫ ਲਗਾਏ। ਦੋ ਪੀੜਤਾਂ ਵੱਲੋਂ ਸੈਕਸ਼ੂਅਲ ਅਸਾਲਟ ਅਤੇ ਚਾਈਲਡ ਪੋਰਨੋਗ੍ਰਾਫੀ ਦੇ ਖੁਲਾਸੇ ਕੀਤੇ ਗਏ ਹਨ। ਪਰ ਉਨ੍ਹਾਂ ਦੀ ਪਛਾਣ ਜਨਤਕ ਨਹੀਂ ਕੀਤੀ ਗਈ। ਜਾਣਕਾਰੀ ਸਾਂਝੀ ਕਰਨ ਵਾਲੇ ਪੀੜਤਾਂ ਨੇ ਆਖਿਆ ਕਿ ਉਹ ਉਸ ਸਮੇਂ ਟੀਨੇਜਰ ਸਨ। ਰੋਬਰਟ ਨੂੰ ਸਾਊਥ ਈਸਟ ਵਿਨੀਪੈੱਗ ਵਿੱਚ ਸਥਿਤ ਉਸ ਦੇ ਘਰ ਤੋਂ ਗ੍ਰਿਫ਼ਤਾਰ ਕਰ ਲਿਆ ਗਿਆ ਸੀ। ਅਦਾਰਾ ਹਾਕੀ ਵਿਨੀਪੈੱਗ ਵੱਲੋਂ ਇਸ ਸਾਰੇ ਮਾਮਲੇ ਨੂੰ ਮੰਦਭਾਗਾ ਆਖਿਆ ਜਾ ਰਿਹਾ ਹੈ।

## ਗਰੀਨ ਪਾਰਟੀ ਆਲੇ ਕਹਿੰਦੇ ਕਿ ਅਸੀਂ ਸਤਾ ਵਿੱਚ ਆਏ ਤਾਂ ਸਭ ਤੋਂ ਪਹਿਲਾਂ ਆਇਲ ਐਂਡ ਗੈਸ ਇੰਡਸਟਰੀ ਦਾ ਭੋਗ ਪਾਵਾਂਗੇ

ਸੈਸਕਾਟੂਨ (ਪੰਜਾਬੀ ਅਖ਼ਬਾਰ ਬਿਊਰੋ) ਪਿਛਲੀ ਲਿਬਰਲ ਸਰਕਾਰ ਦੌਰਾਨ ਜਸਟਿਨ ਟਰੂਡੋ ਦੀ ਪੈਰ-ਪੈਰ ‘ਤੇ ਮੱਦਦ ਕਰਦੇ ਰਹਿਣ ਵਾਲੇ ਐਨਡੀਪੀ ਲੀਡਰ ਜਗਮੀਤ ਸਿੰਘ ਹੁਣ ਜਸਟਿਨ ਟਰੂਡੋ ‘ਤੇ ਤਾਬੜਤੋੜ ਹਮਲੇ ਕਰ ਰਹੇ ਹਨ। ਸਿੰਘ ਦਾ ਕਹਿਣਾ ਹੈ ਕਿ ਜੇ ਉਹਨਾਂ ਦੀ ਸਰਕਾਰ ਬਣੀ ਤਾਂ ਉਹ ਪਬਲਿਕ ਟ੍ਰਾਂਜ਼ਿਟ ਵਾਸਤੇ ਫੰਡਿੰਗ ਦੁੱਗਣੀ ਕਰ ਦੇਣਗੇ ਤੇ ਸਾਰੀ ਪਬਲਿਕ ਟ੍ਰਾਂਜ਼ਿਟ ਦੇਸ਼ ਭਰ ਵਿੱਚ ਇਲੈਕਟ੍ਰਿਫਾਇ ਕੀਤੀ ਜਾਵੇਗੀ ਤਾਂ ਕਿ ਵਾਤਾਵਰਣ ਨੂੰ ਬਚਾਇਆ ਜਾ ਸਕੇ। ਉਹਨਾਂ ਕਿਹਾ ਕਿ ਲਿਬਰਲ ਆਪਣੀ ਵਾਤਾਵਰਣ ਯੋਜਨਾ ਵਿੱਚ ਬੁਰੀ ਤਰ੍ਹਾਂ ਫੇਲ੍ਹ ਹੋਏ ਹਨ। ਉੱਧਰ ਗ੍ਰੀਨ ਪਾਰਟੀ ਨੇ ਐਲਾਨ ਕੀਤਾ ਹੈ ਕਿ ਉਹਨਾਂ ਦੀ ਪਾਰਟੀ ਨੂੰ ਲੋਕਾਂ ਨੇ ਸਰਕਾਰ ਬਣਾਉਣ ਦਾ ਮੌਕਾ ਦਿੱਤਾ ਤਾਂ ਉਹ ਸਭ ਤੋਂ ਪਹਿਲਾਂ ਆਇਲ ਐਂਡ ਗੈਸ ਇੰਡਸਟਰੀ ਦਾ ਭੋਗ ਪਾਉਣਗੇ। ਪਰ ਇਸ ਦਾ ਬਦਲ ਕੀ ਹੋਵੇਗਾ, ਇਸ ‘ਤੇ ਪਾਰਟੀ ਸ਼ਾਂਤ ਹੀ ਰਹੀ ਹੈ।

## ਡਾਕਟਰਾਂ ਦੀ ਚਿੱਠੀ ਉੱਪਰ ਸਿਹਤ ਮੰਤਰੀ ਵਿਚਾਰ ਕਰ ਰਹੇ ਹਨ




ਵਿਨੀਪੈੱਗ (ਪੰਜਾਬੀ ਅਖ਼ਬਾਰ ਬਿਊਰੋ) ਮੈਨੀਟੋਬਾ ਦੇ ਵੱਖ ਵੱਖ ਡਿਪਾਰਟਮੈਂਟ ਵਿੱਚ ਕੰਮ ਕਰਦੇ ਬਾਰਾਂ ਡਾਕਟਰਾਂ ਵੱਲੋਂ ਇੱਕ ਵਾਰ ਫੇਰ ਸੂਬਾ ਸਰਕਾਰ ਨੂੰ ਚਿੱਠੀ ਲਿਖ ਕੇ ਸੁਚੇਤ ਕੀਤਾ ਗਿਆ ਹੈ ਕਿ ਕੋਵਿਡ ਨਾਈਨਟੀਨ ਦੀ ਚੌਥੀ ਵੇਬ ਨੂੰ ਠੱਲ੍ਹ ਪਾਉਣ ਲਈ ਪਹਿਲਾਂ ਹੀ ਤਿਆਰੀ ਕੀਤੀ ਜਾਵੇ। ਉਨ੍ਹਾਂ ਖ਼ਾਸ ਜ਼ਿਕਰ ਕੀਤਾ ਕਿ ਸਟੂਡੈਂਟਸ, ਸੀਨੀਅਰਜ਼ ਅਤੇ ਹਸਪਤਾਲ ਵਿੱਚ ਦਾਖ਼ਲ ਮਰੀਜ਼ਾਂ ਨੂੰ ਸੁਰੱਖਿਅਤ ਰੱਖਣਾ ਬਹੁਤ ਜ਼ਰੂਰੀ ਹੈ। ਇਸ ਚਿੱਠੀ ਵਿਚ ਉਹਨਾਂ ਨੇ ਪੰਜ ਸਿਫਾਰਸਾਂ ਵੀ ਦਿੱਤੀਆਂ ਹਨ ਜਿਨ੍ਹਾਂ ਤੇ ਸਰਕਾਰ ਨੂੰ ਧਿਆਨ ਦੇਣ ਲਈ ਆਖਿਆ ਗਿਆ ਹੈ। ਸਭ ਤੋਂ ਪਹਿਲਾਂ ਉਨ੍ਹਾਂ ਨੇ ਸੂਬੇ ਦੇ ਸਕੂਲਾਂ ਵਿੱਚ ਵੈਂਟੀਲੇਸ਼ਨ ਸਿਸਟਮ ਅਤੇ ਫਿਲਟਰੇਸ਼ਨ ਸਿਸਟਮ ਨੂੰ ਬਿਹਤਰ ਬਣਾਉਣ ਦੀ ਸਿਫਾਰਸ ਕੀਤੀ ਹੈ। ਦੂਜੀ ਸਿਫਾਰਸ ਵਿਚ ਉਨ੍ਹਾਂ ਆਖਿਆ ਕਿ ਵੈਕਸੀਨੇਟ ਮੈਂਡੇਟਰੀ ਨੂੰ ਫਸਟ ਰਿਸਪਾਂਡਰਜ਼ ਲਈ ਲਾਜ਼ਮੀ ਕੀਤਾ ਜਾਣਾ ਚਾਹੀਦਾ ਹੈ। ਤੀਜੀ ਸਿਫਾਰਸ ਅਧੀਨ ਉਨ੍ਹਾਂ ਨੇ ਸੂਬਾ ਸਰਕਾਰ ਨੂੰ ਕੋਵਿਡ-19 ਟੈਸਟਿੰਗ ਅਤੇ ਕੌਨਟੈਕਟ ਟ੍ਰੇਸਿੰਗ ਨੂੰ ਹੋਰ ਤੇਜ਼ ਅਤੇ ਬਿਹਤਰ ਬਣਾਉਣ ਦੀ ਸਲਾਹ ਦਿੱਤੀ ਹੈ। ਚੌਥੀ ਸਿਫਾਰਸ ਅਧੀਨ ਉਹਨਾਂ ਆਖਿਆ ਜਿਹੜੇ ਲੋਕਾਂ ਨੂੰ ਕੋਵਿਡ-19 ਹੋਣ ਦਾ ਵਧੇਰੇ ਖਤਰਾ ਹੈ ਉਨ੍ਹਾਂ ਨੂੰ ਤੀਜੀ ਡੋਜ਼ ਬੂਸਟਰ ਛੋਟ ਵਜੋਂ ਦਿੱਤੀ ਜਾਣੀ ਚਾਹੀਦੀ ਹੈ। ਪੰਜਵੀਂ ਸਿਫਾਰਸ ਵਿਚ ਉਨ੍ਹਾਂ ਕੋਵਿਡ-19 ਤੋਂ ਇਨਫੈਕਸ਼ਨ ਅਤੇ ਕੁਆਰੈਨਟਾਈਨ ਹੋਣ ਤੋਂ ਬਾਅਦ ਵਰਕਰਾਂ ਲਈ ਫੁੱਲ ਪੇਡ ਸਿੱਕ ਲੀਵ ਨੂੰ ਕਾਨੂੰਨ ਬਣਾਉਣ ਦੀ ਗੱਲ ਆਖੀ ਹੈ। ਸਿਹਤ ਮੰਤਰੀ ਔਡਰੀ ਗਾਰਡਨ ਨੇ ਆਖਿਆ ਕਿ ਉਹ ਡਾਕਟਰਾਂ ਵੱਲੋਂ ਦਿੱਤੀ ਚਿੱਠੀ ਵਿੱਚ ਇਨ੍ਹਾਂ ਸਿਫਾਰਸਾਂ ਉਤੇ ਵਿਚਾਰ ਕਰ ਰਹੇ ਹਨ ਤਾਂ ਕਿ ਜਿੰਨਾ ਹੋ ਸਕੇ ਉਨ੍ਹਾਂ ਨੂੰ ਲਾਗੂ ਕੀਤਾ ਜਾ ਸਕੇ।

## ਨਰਸਾਂ ਨਾਲ ਵਿਤਕਰੇ ਦੀ ਗੱਲ ਹੁਣ ਉਭਰਕੇ ਸਾਹਮਣੇ ਆਈ ਹੈ



ਵਿਨੀਪੈੱਗ (ਪੰਜਾਬੀ ਅਖ਼ਬਾਰ ਬਿਊਰੋ) ਵਿਨੀਪੈੱਗ ਦੇ ਤਿੰਨ ਹਸਪਤਾਲਾਂ ਕੋਨਕੋਰਡੀਆ, ਸੈਵਨ ਓਕਸ ਅਤੇ ਵਿਕਟੋਰੀਆ ਹਸਪਤਾਲ ਵਿੱਚ ਸਥਿੱਤ ਅਰਜੈਂਟ ਕੇਅਰ ਸੈਂਟਰ ਵਿੱਚ ਕੰਮ ਕਰਦੀਆਂ ਨਰਸਾਂ ਵੱਲੋਂ ਇਹ ਮੰਗ ਰੱਖੀ ਗਈ ਹੈ ਕਿ ਸਹਿਰ ਦੇ ਹੋਰ ਹਸਪਤਾਲਾਂ ਦੇ ਐਮਰਜੈਂਸੀ ਡਿਪਾਰਟਮੈਂਟ ਵਿੱਚ ਕੰਮ ਕਰਦੀਆਂ ਨਰਸਾਂ ਵਾਂਗ ਉਨ੍ਹਾਂ ਦੀ ਤਨਖਾਹ ਵਿੱਚ ਵੀ ਵਾਧਾ ਹੋਣਾ ਚਾਹੀਦਾ ਹੈ। ਉਨ੍ਹਾਂ ਨੂੰ ਵੀ ਬਰਾਬਰਤਾ ਦੇ ਪੈਮਾਨੇ ਨਾਲ ਵੇਖਿਆ ਜਾਣਾ ਚਾਹੀਦਾ ਹੈ। ਵਰਨਣਯੋਗ ਹੈ ਕਿ ਸੂਬਾ ਸਰਕਾਰ ਵੱਲੋਂ ਐਮਰਜੈਂਸੀ ਡਿਪਾਰਟਮੈਂਟ ਵਿੱਚ ਕੰਮ ਕਰਦੀਆਂ ਨਰਸਾਂ ਨੂੰ ਪ੍ਰਤੀ ਘੰਟਾ 6 ਡਾਲਰ ਦੇ ਹਿਸਾਬ ਨਾਲ ਪੈਨਡੈਮਿਕ ਪ੍ਰੀਮੀਅਮ ਦਿੱਤਾ ਗਿਆ ਹੈ, ਜਦੋਂ ਕਿ ਅਰਜੈਂਟ ਕੇਅਰ ਸੈਂਟਰ ਦੀਆਂ ਨਰਸਾਂ ਨੂੰ ਇਸ ਤੋਂ ਵਾਂਝਾ ਰੱਖਿਆ ਗਿਆ ਹੈ। ਇਸ ਬਾਬਤ ਹੁਣ ਅਰਜੈਂਟ ਕੇਅਰ ਨਰਸਾਂ ਵੱਲੋਂ ਇੱਕ ਚਿੱਠੀ ਉੱਤੇ ਨਰਸਾਂ ਦੇ 100 ਦੇ ਕਰੀਬ ਦਸਖਤ ਲੈ ਕੇ ਪ੍ਰਸ਼ਾਸਨ ਵੱਲ ਭੇਜੀ ਗਈ ਹੈ ਤਾਂ ਕਿ ਉਨ੍ਹਾਂ ਦੀ ਇਸ ਮੰਗ ਉੱਤੇ ਗੌਰ ਕੀਤਾ ਜਾ ਸਕੇ। ਨਰਸਾਂ ਦਾ ਕਹਿਣਾ ਹੈ ਕਿ ਉਹ ਵੀ ਉਸੇ ਹੀ ਯੂਨੀਅਨ ਦਾ ਹਿੱਸਾ ਹਨ ਅਤੇ ਉਨ੍ਹਾਂ ਨਾਲ ਵਿਤਕਰਾ ਨਹੀਂ ਹੋਣਾ ਚਾਹੀਦਾ।

## ਲੋਕ ਰੋਹ ਅੱਗੇ ਝੁਕੀ ਅਲਬਰਟਾ ਸਰਕਾਰ, ਕਿਹਾ ਸਵੌਬ ਟੈਸਟਿੰਗ ਜਾਰੀ ਰਹੇਗੀ

ਐਡਮੰਟਨ (ਪੰਜਾਬੀ ਅਖ਼ਬਾਰ ਬਿਊਰੋ) ਐਲਬਰਟਾ ਸਰਕਾਰ ਨੇ ਲੋਕ ਵਿਰੋਧ ਸਾਹਮਣੇ ਆਉਣ ਤੋਂ ਬਾਦ ਆਪਣੇ ਉਸ ਵਿਵਾਦਿਤ ਫੈਸਲੇ ਨੂੰ ਵਾਪਸ ਲੈ ਲਿਆ ਹੈ ਜਿਸ ਤਹਿਤ ਕਿਹਾ ਗਿਆ ਸੀ ਕਿ ਕੋਵਿਡ-19 ਦੀ ਰੁਟੀਨ ਸਵੌਬ ਟੈਸਟਿੰਗ ਬੰਦ ਕਰ ਦਿੱਤੀ ਜਾਵੇਗੀ ਅਤੇ ਆਇਸੋਲੇਸ਼ਨ ਨਿਯਮ ਖ਼ਤਮ ਕਰ ਦਿੱਤੇ ਜਾਣਗੇ। ਸੂਬੇ ਵਿੱਚ ਕੋਰੋਨਾ ਵਾਇਰਸ ਦੀ ਚੌਥੀ ਲਹਿਰ ਨੇ ਦਸਤਕ ਦੇ ਦਿੱਤੀ ਹੈ ਤੇ ਸਰਕਾਰ ਨੇ ਆਪਣਾ ਫੈਸਲਾ ਵਾਪਸ ਲੈਂਦਿਆਂ ਕਿਹਾ ਹੈ ਕਿ ਟੈਸਟਿੰਗ ਜਾਰੀ ਰਹੇਗੀ ਅਤੇ ਵਾਇਰਸ ਪੌਜ਼ਿਟਿਵ ਹੋਣ ਦੀ ਸੂਰਤ ਵਿੱਚ ਆਇਸੋਲੇਸ਼ਨ ਵਿੱਚ ਵੀ ਜਾਣਾ ਪਵੇਗਾ। ਐਲਬਰਟਾ ਹੈਲਥ ਦੇ ਬੁਲਾਰੇ ਕ੍ਰਿਸ ਬੌਰਡਉ ਦਾ ਕਹਿਣਾ ਹੈ ਕਿ ਇਹ ਪ੍ਰਕਿਰਿਆ 27 ਸਤੰਬਰ ਤੋਂ ਬਾਦ ਵੀ ਜਾਰੀ ਰਹੇਗੀ। ਪਹਿਲਾਂ ਇਹ ਪ੍ਰਕਿਰਿਆ 27 ਸਤੰਬਰ ਤੱਕ ਵਧਾਈ ਗਈ ਸੀ। ਯੂਨਿਵਰਸਿਟੀ ਔਫ਼ ਕੈਲਗਰੀ ਅਤੇ ਯੂਨਿਵਰਸਿਟੀ ਔਫ਼ ਐਲਬਰਟਾ ਵੱਲੋਂ ਮਿਲ ਕੇ ਵੇਸਟ-ਵੌਟਰ ਟੈਸਟਿੰਗ ਪ੍ਰੋਗਰੈਮ ਦਾ ਵਿਸਥਾਰ ਕਰਨ ਦਾ ਪਲੈਨ ਬਣਾਇਆ ਗਿਆ ਹੈ ਤੇ ਸੂਬੇ ਦੀ 70% ਅਬਾਦੀ ਨੂੰ ਇਸ ਤਹਿਤ ਕਵਰ ਕੀਤਾ ਜਾਵੇਗਾ। ਸਰਕਾਰ ਵੱਲੋਂ ਇਸ ਪ੍ਰੋਗਰੈਮ ਨੂੰ ਫੰਡਿੰਗ ਦਿੱਤੀ ਜਾਵੇਗੀ।

